# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੮: ਅਧਿਕਾਰ (ਹੱਕਦਾਰੀ)

'ਅਧਿਕਾਰ', 'ਹੱਕਦਾਰੀ', ਅਜ਼ਲਾਂ ਤੋਂ ਲਗਾਤਾਰ ਵਸ ਰਹੇ ਸ਼ਹਿਰ ਵਿੱਚ, ਜਿਥੇ ਗੰਗਾ ਕੂਹਣੀ ਮੋੜ ਮੁੜਦੀ ਹੈ, ਬਰਾਬਰੀ ਦੇ ਅਲੰਬਰਦਾਰ ਨੇ ਸੰਤਾਂ, ਆਰਜ਼ੂਮੰਦਾਂ ਅਤੇ ਵਿਦਵਾਨਾਂ ਨਾਲ ਸੋਚਾਂ ਉਕਸਾਉਣ ਵਾਲਾ ਗੋਸ਼ਿਟ ਕੀਤਾ। ਗੁਰੂ ਨਾਨਕ ਨਾਬਰਾਬਰੀ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਹਨ। ਇਹ ਉਨ੍ਹਾਂ ਸੰਤਾਂ ਨੂੰ ਸਿਜਦਾ ਹੈ ਜਿਨ੍ਹਾਂ ਦਾ ਗੁਰੂ ਨਾਨਕ ਨਾਲ ਇਨਕਲਾਬੀ ਫ਼ਲਸਫ਼ਾ ਸਾਂਝਾ ਹੈ।

ਨਿਜ ਘਰਿ ਬੈਸਿ ਸਹਜ ਘਰੁ ਲਹੀਐ॥
(ਰਾਗ ਗਉੜੀ, ਗੁਰੂ ਨਾਨਕ)

ਜਦੋਂ ਮਨੁੱਖ ਆਪਣੇ ਅੰਦਰ ਵਾਸਾ ਕਰ ਲੈਂਦਾ ਹੈ ਤਾਂ ਸਹਿਜ ਦਾ ਅਨੁਭਵ ਹੁੰਦਾ ਹੈ।
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਕਹਿੰਦੇ ਹਨ ਕਿ ਆਪਣੀ ਸੋਚ ਦੀ ਨਿਗਾਹਬਾਨੀ ਅਤੇ ਪੜਚੋਲ ਨਾਲ ਚੇਤਨਾ ਦਾ ਸੋਮਾ ਵਧਦਾ-ਫੁੱਲਦਾ ਹੈ।

ਪ੍ਰਯਾਗਰਾਜ ਦੇ ਝੁੱਸੀ ਇਲਾਕੇ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੰਗਾ ਨਦੀ ਦੇ ਕੰਢੇ ਕੱਚੇ ਰਾਹ ਉੱਤੇ ਵਾਰਾਣਸੀ ਦਾ ਸਫ਼ਰ ਸ਼ੁਰੂ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਹੁਣ ਪ੍ਰਯਾਗਰਾਜ ਤੋਂ ਵਾਰਾਣਸੀ ਜਾ ਰਹੇ ਹਾਂ।

ਹਿੰਦੂ ਗ੍ਰੰਥਾਂ ਵਿੱਚ ਵਾਰਾਣਸੀ ਨੂੰ ਸਭ ਤੋਂ ਪਵਿੱਤਰ ਅਸਥਾਨ ਵਿੱਚ ਸ਼ਾਮਿਲ ਕੀਤਾ ਗਿਆ ਹੈ ਜਿਸ ਨੂੰ ਬਨਾਰਸ ਵੀ ਕਿਹਾ ਜਾਂਦਾ ਹੈ। ਇਹ ਉਨ੍ਹਾਂ ਪੁਰਾਤਨ ਸ਼ਹਿਰਾਂ ਵਿੱਚੋਂ ਹੈ ਜੋ ਲਗਾਤਾਰ ਆਬਾਦ ਰਹੇ ਹਨ। ਇਤਿਹਾਸ ਵਿੱਚ ਇਹ ਕਾਸ਼ੀ ਦੇ ਨਾਮ ਨਾਲ ਵੀ ਦਰਜ ਹੈ ਜਿੱਥੇ ਭਗਵਾਨ ਸ਼ਿਵ ਨੂੰ ਸਮਰਪਿਤ ਕਾਸ਼ੀ ਵਿਸ਼ਵਾਨਾਥ ਮੰਦਿਰ ਦੇ ਦਰਸ਼ਨਾਂ ਲਈ ਸ਼ਰਧਾਲੂ ਬਹੁਤ ਪਹਿਲਾਂ ਤੋਂ ਆਉਂਦੇ ਰਹੇ ਹਨ।

ਅਸੀਂ ਸਭ ਤੋਂ ਪਹਿਲਾਂ 'ਘਾਟ' ਉੱਤੇ ਜਾ ਰਹੇ ਹਾਂ ਜੋ ਗੰਗਾ ਨਦੀ ਦਾ ਕਿਨਾਰਾ ਹੈ।

ਇਸ ਸ਼ਹਿਰ ਵਿੱਚ ਤਕਰੀਬਨ ਅਠਾਸੀ ਮਾਨਤਾ ਪ੍ਰਾਪਤ ਘਾਟ ਹਨ ਜੋ ਧਾਰਮਿਕ ਕਰਮ-ਕਾਂਡ ਕਰਨ ਲਈ ਜਾਣੇ ਜਾਂਦੇ ਹਨ। ਵਾਰਾਣਸੀ ਫ਼ਲਸਫ਼ੇ ਦੀਆਂ ਵੱਖ-ਵੱਖ ਧਾਰਾਵਾਂ ਦੇ ਲੋਕਾਂ ਨੂੰ ਖਿੱਚਦਾ ਰਿਹਾ ਹੈ।

ਸੰਤਾਂ ਅਤੇ ਵਿਦਵਾਨਾਂ ਨਾਲ ਗੋਸ਼ਟਿ ਰਚਾਉਣ ਦੇ ਇਰਾਦੇ ਨਾਲ ਗੁਰੂ ਨਾਨਕ ਵਾਰਾਣਸੀ ਆਏ ਸਨ।

ਲੋਕਾਂ ਨੂੰ ਗੰਗਾ ਵਿੱਚ ਕਰਮ-ਕਾਂਡ ਵਜੋਂ ਇਸ਼ਨਾਨ ਕਰਦਿਆਂ ਦੇਖ ਕੇ ਗੁਰੂ ਨਾਨਕ ਨੇ ਗਾਇਆ,

ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ ਜਾ ਅਹਿਨਿਸਿ ਲਾਗੈ ਭਾਉ॥
(ਰਾਗ ਆਸਾ, ਗੁਰੂ ਨਾਨਕ)

ਜਿੱਥੇ ਸਿਰਜਣਹਾਰ ਦੇ ਗੁਣਾਂ ਦਾ ਪਰਛਾਵਾਂ ਪੈਂਦਾ ਹੈ ਉੱਥੇ ਹੀ ਮੇਰਾ ਬਨਾਰਸ (ਵਾਰਾਣਸੀ) ਅਤੇ ਮੇਰੀ ਗੰਗਾ ਹੈ,
ਜਿਥੇ ਮੇਰੀ ਆਤਮਾ ਮੁਕੱਦਸ ਇਸ਼ਨਾਨ ਕਰਦੀ ਹੈ।
ਸੁੱਚਾ ਇਸ਼ਨਾਨ ਉਦੋਂ ਹੁੰਦਾ ਹੈ ਜਦੋਂ ਮਨੁੱਖਤਾ ਦਾ ਸਤਿਕਾਰ ਹੁੰਦਾ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਲਈ ਤੀਰਥ ਅਸਥਾਨ ਉੱਤੇ ਬਾਹਰੀ ਸਫ਼ਾਈ ਵਾਲੇ ਕਰਮ-ਕਾਂਡਾਂ ਤੋਂ ਜ਼ਿਆਦਾ ਅਹਿਮ ਆਤਮ-ਚਿੰਤਨ ਸੀ।

ਗੰਗਾ ਦੇ ਕਿਨਾਰੇ ਬੈਠ ਕੇ ਗੁਰੂ ਨਾਨਕ ਨੇ ਦੇਖਿਆ ਕਿ ਘਾਟ ਉੱਤੇ ਕਈ ਤਰ੍ਹਾਂ ਦੀਆਂ ਸਰਗਰਮੀਆਂ ਹੋ ਰਹੀਆਂ ਸਨ। ਆਲਿਮ ਗ੍ਰੰਥ ਪੜ੍ਹ ਰਹੇ ਸਨ। ਚੇਲੇ ਉਪਦੇਸ਼ ਸੁਣ ਰਹੇ ਸਨ। ਆਰਜ਼ੂਮੰਦ ਧਿਆਨ ਧਰ ਰਹੇ ਸਨ। ਫ਼ਕੀਰ ਵਜਦ ਵਿੱਚ ਸਨ। ਅਘੋਰੀ ਮਸਾਣ ਵਿੱਚ ਬੈਠੇ ਸਨ। ਲੋਕਾਂ ਦੀ ਅਗਿਆਨਤਾ ਤੋਂ ਹੈਰਾਨ ਗੁਰੂ ਨਾਨਕ ਨੇ ਗਾਇਆ,

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ॥
(ਰਾਗ ਸੋਰਠਿ, ਗੁਰੂ ਨਾਨਕ)

ਦੁਬਿਧਾ ਵਿੱਚ ਨਾ ਉਲਝੋ। ਸੋਚ-ਵਿਚਾਰ ਤੋਂ ਬਿਨਾਂ ਕਿਸੇ ਦੀ ਅਰਾਧਨਾ ਨਾ ਕਰੋ।
ਇਸ ਨਾਲ ਰੂਹਾਨੀ ਮੌਤ ਨਹੀਂ ਹੁੰਦੀ।
ਤ੍ਰਿਸ਼ਨਾ ਦੇ ਘੇਰੇ ਵਿੱਚ ਫਸ ਕੇ ਸਿਰਜਣਾ ਦਾ ਬਿਸਮਾਦੀ ਪੜਾਅ ਹਾਸਿਲ ਨਹੀਂ ਕੀਤਾ ਜਾ ਸਕਦਾ।
ਆਤਮ-ਪੜਚੋਲ ਰਾਹੀਂ ਹੀ ਲਾਲਸਾਵਾਂ ਤੋਂ ਪਾਰ ਪਾਇਆ ਜਾ ਸਕਦਾ ਹੈ।
ਮੈਂ ਆਪਣੇ ਅੰਦਰ ਹੀ ਆਪਣੀ ਹਸਤੀ ਦਾ ਘਰ ਪਾ ਲਿਆ ਹੈ
ਜਿਸ ਨਾਲ ਮੇਰਾ ਮਨ ਸਹਿਜ ਹੋਇਆ ਹੈ।
(ਰਾਗ ਸੋਰਠਿ, ਗੁਰੂ ਨਾਨਕ)

ਗੁਰੂ ਨਾਨਕ ਦਾ ਗਾਇਨ ਸੁਣ ਕੇ ਬਹੁਤ ਸਾਰੇ ਜ਼ਿਆਰਤੀ ਉਨ੍ਹਾਂ ਦੁਆਲੇ ਇਕੱਠੇ ਹੋ ਗਏ ਜੋ ਉਨ੍ਹਾਂ ਦਾ ਸੁਨੇਹਾ ਸਮਝਣਾ ਚਾਹੁੰਦੇ ਸਨ। ਗੁਰੂ ਨਾਨਕ ਨੇ ਬਿਆਨ ਕੀਤਾ ਕਿ ਇਹ ਗ਼ਲਤਫ਼ਹਿਮੀ ਹੈ ਕਿ ਕਰਮ-ਕਾਂਡ ਦੇ

ਬੇਮਨੇ ਨਿਭਾਅ ਨਾਲ ਬਖ਼ਸ਼ਿਸ਼ ਮੁਕੰਮਲ ਹੋ ਸਕਦੀ ਹੈ। ਸਿਰਫ਼ ਆਤਮਿਕ ਇਰਾਦਿਆਂ ਨੂੰ ਹੀ ਫਲ ਪੈਂਦੇ ਹਨ।

ਗੁਰੂ ਨਾਨਕ ਦੇ ਵਰਤਾਰੇ ਦਾ ਵਾਰਾਣਸੀ ਦੇ ਬ੍ਰਾਹਮਣ ਗੰਗਾ ਰਾਮ ਉੱਤੇ ਬਹੁਤ ਅਸਰ ਹੋਇਆ ਅਤੇ ਉਹ ਉਨ੍ਹਾਂ ਦੇ ਪੈਰੋਕਾਰ ਬਣ ਗਏ। ਇੱਕ ਹੋਰ ਬ੍ਰਾਹਮਣ ਚਤੁਰ ਦਾਸ ਨੇ ਗੁਰੂ ਨਾਨਕ ਬਾਰੇ ਸੁਆਲ ਕੀਤਾ ਕਿ ਉਹ ਕਿਸ ਤਰ੍ਹਾਂ ਦੇ ਸ਼ਰਧਾਲੂ ਹਨ ਜਿਨ੍ਹਾਂ ਦੇ ਹੱਥ ਵਿੱਚ ਤੁਲਸੀ ਦੀ ਮਾਲਾ ਨਹੀਂ ਹੈ, ਨਾ ਹੀ ਉਨ੍ਹਾਂ ਦੇ ਮੱਥੇ ਉੱਤੇ ਚੰਦਨ ਦਾ ਟਿੱਕਾ ਲੱਗਿਆ ਹੈ, ਨਾ ਹੀ ਉਨ੍ਹਾਂ ਕੋਲ ਪੂਜਣ ਵਾਲਾ ਪੱਥਰ 'ਸਾਲਗਰਾਮ' ਹੈ। ਸਾਰੇ ਮਾਮਲੇ ਨੂੰ ਸਾਫ਼ ਕਰਨ ਲਈ ਗੁਰੂ ਨਾਨਕ ਨੇ ਇਹ ਸ਼ਬਦ ਗਾਇਆ,

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਧਹੁ ਦਇਆ ਕਰਹੁ ਦਇਆਲਾ॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ॥
(ਰਾਗ ਬਸੰਤੁ ਹਿੰਡੋਲ, ਗੁਰੂ ਨਾਨਕ)

ਪੁਜਾਰੀ 'ਸਾਲਗਰਾਮ' ਦੀ ਪੂਜਾ ਕਰਦਾ ਹੈ ਅਤੇ ਤੁਲਸੀ ਦੀ ਮਾਲਾ ਫੇਰਦਾ ਹੈ।
ਇਸ ਦੀ ਥਾਂ ਇੱਕਸੁਰ ਹੋਣ ਦਾ ਬੇੜਾ ਬੰਨ੍ਹੋ ਅਤੇ ਵਿਵੇਕ ਦਾ ਦਾਨ ਮੰਗੋ।
ਬੰਜਰ ਜ਼ਮੀਨ ਨੂੰ ਸਿੰਜਣ ਦੇ ਕਰਮ-ਕਾਂਡ ਵਿੱਚ ਜ਼ਿੰਦਗੀ ਕਿਉਂ ਬਰਬਾਦ ਕਰਨੀ ਹੈ?
ਜਦੋਂ ਇਹ ਦੇਹੀ ਰੂਪੀ ਕੱਚੀ ਕੰਧ ਨੇ ਢਹਿਣਾ ਹੀ ਹੈ ਤਾਂ ਇਸ ਨੂੰ ਵਿਅਰਥ ਇਰਾਦਿਆਂ ਨਾਲ ਲਿੱਪਣ ਦੀ ਮੁਸ਼ੱਕਤ ਕਿਉਂ ਕਰਨੀ ਹੈ?
(ਰਾਗ ਬਸੰਤੁ ਹਿੰਡੋਲ, ਗੁਰੂ ਨਾਨਕ)

ਦਸਤੂਰੀ ਕਰਮ-ਕਾਂਡ ਨਿਭਾਉਣਾ ਖਾਰੇ ਬੰਜਰ ਨੂੰ ਸਿੰਜਣ ਦੇ ਬਰਾਬਰ ਹੈ ਜਿਸ ਵਿੱਚ ਕੋਈ ਫ਼ਸਲ ਨਹੀਂ ਹੋਣੀ। ਇਸ ਦੀ ਥਾਂ ਮਨੁੱਖ ਨੂੰ ਬੇਗ਼ਰਜ਼ ਸੇਵਾ, ਨੇਕ ਇਰਾਦੇ ਅਤੇ ਦਇਆ ਵਾਲੇ ਕਰਮਾਂ ਰਾਹੀਂ ਆਪਣੇ ਅੰਦਰ ਦੀ ਤਬਦੀਲੀ ਉੱਤੇ ਧਿਆਨ ਦੇਣਾ ਚਾਹੀਦਾ ਹੈ। ਸਦਗੁਣਾਂ ਦੇ ਅੰਮ੍ਰਿਤ ਦਾ ਸੁੱਖ ਹਾਸਿਲ ਕਰਨ ਅਤੇ ਅਵਗੁਣਾਂ ਤੋਂ ਛੁਟਕਾਰਾ ਪਾਉਣ ਲਈ ਸੋਚਾਂ ਸਾਫ਼ ਰੱਖਣੀਆਂ ਚਾਹੀਦੀਆਂ ਹਨ। ਗੁਰੂ ਨਾਨਕ ਨੇ ਫ਼ਰਮਾਇਆ ਕਿ ਅਜਿਹੇ ਕਰਮਾਂ ਰਾਹੀਂ ਹੀ ਕੋਈ ਸੱਚਾ ਸ਼ਰਧਾਲੂ ਹੋ ਸਕਦਾ ਹੈ।

ਵਿਦਵਾਨਾਂ ਨਾਲ ਗੋਸ਼ਟਿ ਦੌਰਾਨ ਗੁਰੂ ਨਾਨਕ ਨੂੰ ਪੁੱਛਿਆ ਗਿਆ ਕਿ ਕੀ ਮਜ਼ਹਬੀ ਗ੍ਰੰਥਾਂ ਦੇ ਵਿਸ਼ਾਲ ਅਧਿਐਨ ਰਾਹੀਂ ਰੂਹਾਨੀ ਉਲਾਸ ਪੈਦਾ ਹੋ ਸਕਦਾ ਹੈ। ਗੁਰੂ ਨਾਨਕ ਦਾ ਜੁਆਬ ਸੀ; ਮੰਤਰਾਂ ਦੇ ਉਚਾਰਨ ਅਤੇ ਗ੍ਰੰਥਾਂ ਦੀ ਬੇਧਿਆਨੀ ਪੜ੍ਹਾਈ ਨਾਲ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਨਾਲ ਤਾਂ ਮਨੁੱਖ ਦੀ ਹਉਮੈਂ ਬਲਵਾਨ ਹੁੰਦੀ ਹੈ। ਰੂਹਾਨੀ ਗ੍ਰੰਥਾਂ ਨੂੰ ਅਮਲਾਂ ਵਿੱਚ ਢਾਲ ਕੇ ਹੀ ਵਿਵੇਕ ਹਾਸਿਲ ਕੀਤਾ ਜਾ ਸਕਦਾ ਹੈ।

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥
(ਰਾਗ ਆਸਾ, ਗੁਰੂ ਨਾਨਕ)

ਕੋਈ ਸਾਲਾਂ ਬੱਧੀ ਗ੍ਰੰਥਾਂ ਦਾ ਪਾਠ ਕਰ ਸਕਦਾ ਹੈ। ਕੋਈ ਮਹੀਨਿਆਂ ਪਾਠ ਕਰ ਸਕਦਾ ਹੈ।
ਕੋਈ ਸਾਰੀ ਉਮਰ ਪਾਠ ਕਰ ਸਕਦਾ ਹੈ ਅਤੇ ਹਰ ਸਾਹ ਨਾਲ ਪਾਠ ਕਰ ਸਕਦਾ ਹੈ।
ਨਾਨਕ ਨੇ ਆਖਿਆ ਕਿ ਅੰਤ ਨੂੰ ਇਹ ਮਾਅਨੇ ਰੱਖਦਾ ਹੈ ਕਿ ਤੁਸੀਂ ਆਪਣੇ ਮਾਮਲਿਆਂ ਨਾਲ ਕਿੰਨਾ ਸੱਚੇ ਹੋ। ਇਸ ਤੋਂ ਬਿਨਾਂ ਸਭ ਗੱਲਾਂ ਹਉਮੈਂ ਦਾ ਇਜ਼ਹਾਰ ਹਨ।
(ਰਾਗ ਆਸਾ, ਗੁਰੂ ਨਾਨਕ)

ਜਦੋਂ ਤੱਕ ਹਾਸਿਲ ਕੀਤਾ ਗਿਆਨ ਮਨੁੱਖ ਦੀ ਆਪਣੀ ਅਤੇ ਦੂਜਿਆਂ ਦੀ ਰੂਹਾਨੀ ਉਚਿਆਈ ਦਾ ਸਬੱਬ ਨਹੀਂ ਬਣਦਾ ਉਦੋਂ ਤੱਕ ਇਹ ਮਹਿਜ਼ ਹੰਕਾਰ ਅਤੇ ਹਉਮੈਂ ਦੀ ਨੁਮਾਇਸ਼ ਲਈ ਸ਼ਬਦਾਂ ਦਾ ਅਡੰਬਰ ਹੈ।

ਗੁਰੂ ਨਾਨਕ ਦੇ ਦੌਰ ਵਿੱਚ ਪੁਜਾਰੀ ਜਮਾਤ ਨੇ ਪਾਕੀਜ਼ਗੀ ਅਤੇ ਛੂਆ-ਛਾਤ ਨਾਲ ਜੁੜੇ ਕਈ ਰਸਮ-ਰਿਵਾਜ਼ ਤਹਿ ਕੀਤੇ ਹੋਏ ਸਨ। ਅਜਿਹੀ ਹੀ ਇੱਕ ਰਸਮ ਦਾ ਨਾਮ 'ਸੂਤਕ' ਸੀ ਜਿਸ ਤਹਿਤ ਮਾਹਵਾਰੀ ਦੇ ਦਿਨਾਂ ਵਿੱਚ ਔਰਤ ਨੂੰ ਰਸੋਈ, ਮੰਦਿਰ ਅਤੇ ਸਮਾਜਿਕ ਸਮਾਗਮਾਂ ਵਿੱਚ ਜਾਣ ਦੀ ਮਨਾਹੀ ਸੀ। 'ਸੂਤਕ' ਦਾ ਮਤਲਬ ਨਾਪਾਕ ਸੀ। ਇਸੇ ਤਰ੍ਹਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਜਣੇਪੇ ਦੌਰਾਨ ਔਰਤ ਉੱਤੇ ਰੋਕਾਂ ਲਗਾਈਆਂ ਜਾਂਦੀਆਂ ਸਨ। ਇਸ ਦਸਤੂਰ ਦੇ ਪਿੱਛੇ ਨੀਅਤ ਨੇਕ ਸੀ ਕਿਉਂਕਿ ਇਸ ਨਾਲ ਔਰਤ ਦੇ ਲਿੱਸੇ ਪਿੰਡੇ ਨੂੰ ਤਾਣ ਹਾਸਿਲ ਕਰਨ ਦਾ ਮੌਕਾ ਮਿਲਦਾ ਸੀ ਪਰ ਮੰਦੇਭਾਗੀਂ ਇਸ ਰਸਮ ਨੇ ਸਖ਼ਤ ਮਜ਼ਹਬੀ ਪਾਬੰਦੀ ਦਾ ਰੂਪ ਧਾਰ ਲਿਆ।

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥
(ਰਾਗ ਆਸਾ, ਗੁਰੂ ਨਾਨਕ)

ਔਰਤ ਨੂੰ ਹਰ ਮਹੀਨੇ ਮਾਹਵਾਰੀ ਆਉਂਦੀ ਹੈ, ਸਮਾਜ ਉਸ ਨੂੰ ਜੂਠਾ ਕਰਾਰ ਦਿੰਦਾ ਹੈ।
ਜੂਠ ਦਾ ਵਾਸਾ ਝੂਠਿਆਂ ਦੀ ਜ਼ੁਬਾਨ ਉੱਤੇ ਹੁੰਦਾ ਹੈ, ਨਤੀਜੇ ਵਜੋਂ ਉਹ ਵਾਰ-ਵਾਰ ਖੁਆਰ ਹੁੰਦੇ ਹਨ।
ਜੋ ਆਪਣੇ ਪਿੰਡੇ ਨੂੰ ਧੋ ਕੇ ਪਾਕ ਹੋਣ ਦੀ ਰਸਮ ਨਿਭਾਉਂਦੇ ਹਨ, ਉਹ ਪਾਕ ਨਹੀਂ ਹੋ ਜਾਂਦੇ।
ਨਾਨਕ ਨੇ ਫ਼ਰਮਾਇਆ ਕਿ ਉਹ ਮਨੁੱਖ ਹੀ ਪਾਕ ਹਨ ਜੋ ਆਪਣੇ-ਆਪ ਨਾਲ ਸੱਚੇ ਹਨ।
(ਰਾਗ ਆਸਾ, ਗੁਰੂ ਨਾਨਕ)

ਮਨੁੱਖਾਂ ਨੂੰ ਜਨਮ ਦੇਣ ਦੀ ਜਿਸਮਾਨੀ ਜ਼ਿੰਮੇਵਾਰੀ ਕੁਦਰਤ ਨੇ ਔਰਤ ਨੂੰ ਬਖ਼ਸ਼ੀ ਹੈ ਜਿਸ ਤੋਂ ਬਿਨਾਂ ਮਨੁੱਖਾ ਨਸਲ ਦੀ ਕੋਈ ਹੋਂਦ ਨਹੀਂ ਹੈ। ਗੁਰੂ ਨਾਨਕ ਨੇ ਮਜ਼ਹਬ ਦੇ ਨਾਮ ਉੱਤੇ ਹੁੰਦੀਆਂ ਉਨ੍ਹਾਂ ਮਨੌਤਾਂ ਦਾ ਜ਼ੋਰਦਾਰ

ਖੰਡਨ ਕੀਤਾ ਜੋ ਦੂਜਿਆਂ ਨਾਲ ਵਿਤਕਰਾ ਕਰਦੀਆਂ ਹਨ ਜਾਂ ਕਿਸੇ ਨੂੰ ਛੁਟਿਆਉਂਦੀਆਂ ਹਨ। ਉਨ੍ਹਾਂ ਲਿੰਗਕ ਨਾਬਰਾਬਰੀ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।

ਅਸੀਂ ਹੁਣ ਵਾਰਾਣਸੀ ਵਿੱਚ ਗੰਗਾ ਦੇ ਕਿਨਾਰੇ ਪੰਚਗੰਗਾ ਘਾਟ ਜਾ ਰਹੇ ਹਾਂ। ਮੰਨਿਆ ਜਾਂਦਾ ਹੈ ਕਿ ਇਹ ਉਹ ਅਸਥਾਨ ਹੈ ਜਿੱਥੇ ਭਗਤ ਰਾਮਾਨੰਦ ਨੇ ਭਾਰਤੀ ਫ਼ਲਸਫ਼ੇ ਦੇ ਪਾਠ ਪੜ੍ਹਾਏ।

ਇੱਥੇ ਭਗਤ ਰਾਮਾਨੰਦ ਦੀ ਯਾਦ ਵਿੱਚ ਬਣਿਆ ਹੋਇਆ ਛੋਟਾ ਜਿਹਾ ਮੰਦਿਰ ਹੈ।

ਝਓਨਕਾਂ ਝਵਿਓਨ ਧਓਸ
ਫਰਇਸਟ, ੍ਓਮਓਨਓਨਦ ਠਏਮਪਲਏ
ਜਾਨਕੀ ਜੀਵਨ ਦਾਸ
ਪੁਜਾਰੀ, ਰਾਮਾਨੰਦ ਮੰਦਿਰ

ਜਾਨਕੀ ਜੀਵਨ ਦਾਸ: ਇਹ ਸ੍ਰੀ ਮੱਠ ਹੁਣ ਤੋਂ ੭੨੧ ਵਰਸ਼ ਪੂਰਵ ਆਦਿ ਜਗਤ ਗੁਰੂ ਰਾਮਾਨੰਦ ਆਚਾਰਯ ਜੀ ਦਾ ਤਪ ਅਸਥਾਨ ਸੀ। ਇੱਥੇ ਹੀ ਕਬੀਰ ਦਾਸ ਜੀ, ਰਵੀ ਦਾਸ ਜੀ, ਧੰਨਾ ਜੀ, ਪੀਪਾ ਜੀ, ਸੈਨ ਆਚਾਰਯ ਜੀ, ਇਹ ਸਭ ਉਨ੍ਹਾਂ ਦੇ ਲਾਫ਼ਾਨੀ ਭਗਤ ਸਨ। ਉਨ੍ਹਾਂ ਉਸ ਵਕਤ ਨਾਅਰਾ ਦਿੱਤਾ, ਜਾਤੀ ਪਾਤੀ ਪੂਛੇ ਨਹੀ ਕੋਈ, ਹਰੀ ਕੋ ਭਜੇ, ਸੋ ਹਰੀ ਕਾ ਹੋਈ। ਇਹ ਉਨ੍ਹਾਂ ਦਾ ਮੁੱਖ ਨਾਅਰਾ ਸੀ। ਉਸ ਵੇਲੇ ਦੀ ਜਾਤ-ਪਾਤ ਦੀ ਕੱਟੜਤਾ ਨੂੰ ਉਨ੍ਹਾਂ ਰਾਮ ਭਗਤੀ ਵਿੱਚੋਂ ਹਟਾਇਆ। ਉਨ੍ਹਾਂ ਨੇ ਬਾਹਰਮੁਖੀ ਮਾਰਗ ਦਰਸਾਇਆ। ਨਾਨਕ ਜੀ ਵੀ ਇਸ ਜਗ੍ਹਾਂ ਉੱਤੇ ਆਏ ਸਨ।

ਭਗਤ ਰਾਮਾਨੰਦ ਦਾ ਜਨਮ ੧੩੬੬ ਵਿੱਚ ਹੋਇਆ ਅਤੇ ਉਨ੍ਹਾਂ ਨੂੰ ਗੰਗਾ ਪੱਟੀ ਦੀ 'ਭਗਤੀ' ਲਹਿਰ ਦਾ ਮੋਢੀ ਮੰਨਿਆ ਜਾਂਦਾ ਹੈ। ਅਦਵੈਤਵਾਦ ਬਾਰੇ ਉਨ੍ਹਾਂ ਦਾ ਬਿਆਨੀਆ ਦੱਖਣੀ ਭਾਰਤ ਦੇ ਰਾਮਾਨੁਜ ਤੋਂ ਪ੍ਰੇਰਿਤ ਹੈ ਜੋ ਵੇਦਾਂਤ ਦੇ ਫ਼ਲਸਾਫ਼ੀ ਸਨ।

ਭਗਤ ਰਾਮਾਨੰਦ ਦੇ ਸ਼ਬਦ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਗਵਾਹੀ ਭਰਦਾ ਹੈ ਕਿ ਗੁਰੂ ਨਾਨਕ ਅਤੇ ਉਨ੍ਹਾਂ ਦਾ ਫ਼ਲਸਫ਼ਾ ਆਪਸ ਵਿੱਚ ਮੇਲ਼ ਖਾਂਦਾ ਹੈ।

ਭਗਤ ਰਾਮਾਨੰਦ ਦੇ ਦੌਰ ਵਿੱਚ ਜਾਤੀ ਵਿਤਕਰੇ ਨੇ ਭਾਰਤੀ ਸਮਾਜ ਦੀਆਂ ਜੜ੍ਹਾਂ ਕਮਜ਼ੋਰ ਕਰ ਦਿੱਤੀਆਂ ਸਨ। ਉਨ੍ਹਾਂ ਨੇ ਨੀਵੀਂ ਜਾਤ ਅਤੇ ਮੁਸਲਮਾਨ ਤਬਕੇ ਨਾਲ ਜੁੜੇ ਲੋਕਾਂ ਨੂੰ ਆਪਣੇ ਚੇਲੇ ਬਣਾ ਕੇ ਸਮਾਜ ਦੇ ਨੇਮ ਤੋੜੇ।

ਉਨ੍ਹਾਂ ਨੇ ਦੀਨਦਾਰੀ ਦੇ ਰਾਹ ਨੂੰ ਮਨੁੱਖਾ ਹਸਤੀ ਦੇ ਗਿਆਨ ਨਾਲ ਜੋੜਿਆ। ਭਗਤ ਰਾਮਾਨੰਦ ਨੇ ਤਪ ਅਤੇ ਕਰਮ-ਕਾਂਡ ਦਾ ਖੰਡਨ ਕੀਤਾ ਅਤੇ ਇਨ੍ਹਾਂ ਨੂੰ ਬੇਮਾਅਨਾ ਕਰਾਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦਾ ਇਹ ਸ਼ਬਦ ਸ਼ਾਮਿਲ ਹੈ,

ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥
(ਰਾਗ ਬਸੰਤ ਹਿੰਡੋਲ, ਰਾਮਾਨੰਦ ਜੀ)

ਮੈਂ ਸਤਿਗੁਰ ਤੋਂ ਬਲਿਹਾਰ ਹਾਂ
ਜਿਨ੍ਹਾਂ ਮੇਰੀ ਹਰ ਸ਼ੰਕਾ ਅਤੇ ਉਲਝਣ ਦੂਰ ਕਰ ਦਿੱਤੀ ਹੈ।
ਰਾਮਾਨੰਦ ਨੇ ਕਿਹਾ ਕਿ ਹਾਜ਼ਰਾ-ਹਜ਼ੂਰ ਬ੍ਰਹਮ ਹੀ ਮਾਲਕ ਹੈ।
ਪੜਚੋਲ ਰਾਹੀਂ ਪਹਿਲਾਂ ਕੀਤੇ ਹੋਏ ਬੁਰੇ ਕਰਮਾਂ ਦੀ ਸਮਝ ਪੈਂਦੀ ਹੈ।
(ਰਾਗ ਬਸੰਤ ਹਿੰਡੋਲ, ਭਗਤ ਰਾਮਾਨੰਦ)

ਪੰਚਗੰਗਾ ਘਾਟ ਤੋਂ ਮੁੜਦਾ ਹੋਇਆ ਮੈਂ ਮਨੀਕਰਨਿਕਾ ਘਾਟ ਤੋਂ ਲੰਘ ਰਿਹਾ ਹਾਂ ਜੋ ਵਾਰਾਣਸੀ ਦਾ ਮੁੱਖ ਮਸਾਣ ਹੈ।

ਪੁਰਾਣੀ ਰੀਤ ਤਹਿਤ ਬਹੁਤ ਸਾਰੇ ਬਜ਼ੁਰਗ ਉਮਰ ਦੇ ਆਖ਼ਰੀ ਪੜਾਅ ਉੱਤੇ ਵਾਰਾਣਸੀ ਆ ਜਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਇਸ ਸ਼ਹਿਰ ਵਿੱਚ ਮਰਨ ਵਾਲੇ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ।

ਮਨੀਕਰਨਿਕਾ ਘਾਟ ਉੱਤੇ ਦਾਹ-ਸੰਸਕਾਰ ਦੀ ਤਰਕੀਬ ਦਾ ਨਜ਼ਾਰਾ ਦੇਖਣ ਨਾਲ ਮਨੁੱਖ ਧੁਰ ਅੰਦਰ ਤੱਕ ਬੇਸਕੂਨੀ ਨਾਲ ਭਰ ਸਕਦਾ ਹੈ।

ਮੇਰੇ ਅੰਦਰ ਸੁਆਲ ਘੁੰਮਦਾ ਹੈ, "ਕੀ ਵਾਰਾਣਸੀ ਵਿੱਚ ਮਰਨ ਨਾਲ ਬੰਦਖ਼ਲਾਸੀ ਦਾ ਬੂਹਾ ਖੁੱਲ੍ਹਦਾ ਹੈ?"

ਸਬਦਿ ਮਰੈ ਫਿਰਿ ਮਰਣੁ ਨ ਹੋਇ॥
ਬਿਨੁ ਮੂਏ ਕਿਉ ਪੂਰਾ ਹੋਇ॥
(ਰਾਗ ਗਉੜੀ, ਗੁਰੂ ਨਾਨਕ)

ਵਿਵੇਕ ਨਾਲ ਜੁੜਿਆ ਮਨੁੱਖ ਕਦੇ ਨਹੀਂ ਮਰਦਾ।
ਨਾਂਹ-ਪੱਖੀ ਬਿਰਤੀ ਦੇ ਮਰਨ ਤੋਂ ਬਿਨਾਂ ਵਿਵੇਕ ਕਿਵੇਂ ਹਾਸਿਲ ਹੋ ਸਕਦਾ ਹੈ?
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਮੁਤਾਬਕ ਜਿਸਮ ਦੀ ਮੌਤ ਤੋਂ ਨਹੀਂ ਸਗੋਂ ਚੇਤਨਾ ਦੀ ਮੌਤ ਤੋਂ ਡਰਨਾ ਚਾਹੀਦਾ ਹੈ। ਉਨ੍ਹਾਂ ਦੇ ਸ਼ਬਦ ਸਾਨੂੰ ਆਪਣਾ ਮੂਲ ਪਛਾਣਨ ਦੇ ਰਾਹ ਉੱਤੇ ਤੁਰਨ ਦੀ ਪ੍ਰੇਰਨਾ ਦਿੰਦੇ ਹਨ।

ਗੁਰੂ ਨਾਨਕ ਨੂੰ ਇੱਕ ਬ੍ਰਾਹਮਣ ਨੇ ਆਪਣੇ ਘਰ ਰੋਟੀ ਲਈ ਬੁਲਾਇਆ। ਉਸ ਨੇ ਸਤਿਕਾਰ ਵਜੋਂ ਸਾਰੇ ਮਜ਼ਹਬੀ ਕਰਮ-ਕਾਂਡ ਅਤੇ ਮਜਲਿਸੀ ਆਦਾਬ ਦਾ ਖ਼ਿਆਲ ਰੱਖਦੇ ਹੋਏ ਭੋਜਨ ਪਕਾਉਣ ਲਈ ਚੁੱਲ੍ਹਾ ਅਤੇ ਬਾਲਣ ਸੁੱਚਾ ਕੀਤਾ। ਉਸ ਬ੍ਰਾਹਮਣ ਅੱਗੇ ਸੁੱਚ ਅਤੇ ਜੂਠ ਦੇ ਦੋਧਾਰੀ ਖ਼ਿਆਲ ਦਾ ਭੇਦ ਖੋਲ੍ਹਣ ਲਈ ਗੁਰੂ ਨਾਨਕ ਨੇ ਗਾਇਨ ਕੀਤਾ;

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
(ਰਾਗ ਆਸਾ, ਗੁਰੂ ਨਾਨਕ)

ਜੇ ਕੋਈ ਜੂਠ ਦੇ ਖ਼ਿਆਲ ਦਾ ਕਾਇਲ ਹੈ ਤਾਂ ਚਾਰੇ ਪਾਸੇ ਹੀ ਖੋਟ ਦਾ ਪਸਾਰਾ ਹੈ।
ਕੀੜੇ ਦਾ ਵਾਸਾ ਗੋਹੇ ਦੀ ਨਾਪਾਕੀਜ਼ਗੀ ਵਿੱਚ ਵੀ ਹੈ ਅਤੇ ਲੱਕੜ ਦੀ ਪਾਕੀਜ਼ਗੀ ਵਿੱਚ ਵੀ ਹੈ।
(ਰਾਗ ਆਸਾ, ਗੁਰੂ ਨਾਨਕ)

ਜੇ ਮਜ਼ਹਬੀ ਕਰਮ-ਕਾਂਡ ਨਾਲ ਜੁੜੇ ਮਜਲਿਸੀ ਆਦਾਬ ਨੂੰ ਸੁੱਚ ਅਤੇ ਜੂਠ ਦੀ ਬੁਨਿਆਦ ਮੰਨ ਲਿਆ ਜਾਵੇ ਤਾਂ ਸਮੁੱਚਾ ਜਗਤ-ਪਸਾਰਾ ਨਾਪਾਕ ਹੈ। ਗੁਰੂ ਨਾਨਕ ਨੇ ਅਜਿਹਾ ਗਿਆਨ ਹਾਸਿਲ ਕਰਨ ਉੱਤੇ ਜ਼ੋਰ ਦਿੱਤਾ ਜੋ ਮਨ ਵਿੱਚੋਂ ਮੈਲ਼ ਦੀ ਨਿਕਾਸੀ ਕਰ ਦੇਵੇ ਅਤੇ ਮਨ ਨੂੰ ਨਿਰਮਲ ਕਰ ਦੇਵੇ।

ਅਸੀਂ ਹੁਣ ਵਾਰਾਣਸੀ ਦੇ ਗੋਵਰਧਨਪੁਰ ਇਲਾਕੇ ਵਿੱਚ ਭਗਤ ਰਵਿਦਾਸ ਦੇ 'ਜਨਮ ਅਸਥਾਨ ਮੰਦਿਰ' ਜਾ ਰਹੇ ਹਾਂ।

ਭਗਤ ਰਵਿਦਾਸ ਦਾ ਜਨਮ ਸੰਨ ੧੪੧੪ ਨੂੰ ਮੋਚੀ ਪਰਿਵਾਰ ਵਿੱਚ ਹੋਇਆ ਜਿਸ ਨੂੰ ਜਾਤ ਦੀ ਦਰਜਾਬੰਦੀ ਵਿੱਚ ਅਛੂਤ ਜਾਤ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਪੁਜਾਰੀ ਤਬਕੇ ਦੀ ਇਸ ਸੋਚ ਦਾ ਡੱਟ ਕੇ ਵਿਰੋਧ ਕੀਤਾ ਕਿ ਮਨੁੱਖ ਦੇ ਨਿਰੰਕਾਰ ਨਾਲ ਰਿਸ਼ਤੇ ਵਿੱਚ ਜਾਤ ਬੁਨਿਆਦੀ ਹਿੱਸਾ ਪਾਉਂਦੀ ਹੈ।

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥
(ਭਗਤ ਰਵਿਦਾਸ)

ਧਿਆਨ ਇਬਾਦਤ ਦਾ ਆਸਨ ਹੈ। ਧਿਆਨ ਕੇਸਰ ਹੈ ਜਿਸ ਦਾ ਮੈਂ ਤੇਰੇ ਉੱਤੇ ਛਿੜਕਾਅ ਕੀਤਾ ਹੈ।
ਧਿਆਨ ਚੰਦਨ ਦੀ ਲੱਕੜੀ ਕੁੱਟਣ ਵਾਲਾ ਪੱਥਰ ਹੈ।
ਧਿਆਨ ਇਬਾਦਤ ਵੀ ਹੈ ਅਤੇ ਪਵਿੱਤਰ ਇਸ਼ਨਾਨ ਵੀ।

ਅੰਤਰ-ਧਿਆਨ ਤੋਂ ਬਿਨਾਂ ਬਾਹਰੀ ਦਿਖਾਵੇ ਝੂਠ ਹਨ।
(ਭਗਤ ਰਵਿਦਾਸ)

ਸ਼ਿਵ ਪੂਜਨ ਦਾਸ: ਮੇਰਾ ਨਾਮ ਸ਼ਿਵ ਪੂਜਨ ਦਾਸ ਹੈ। ਮੈਂ ਬਾਬਾ ਰਵਿਦਾਸ ਜੀ ਦੇ ਮੰਦਿਰ ਵਿੱਚ ਰਹਿੰਦਾ ਹਾਂ। ਰਵਿਦਾਸ ਜੀ ਦਾ ਭਾਵ ਸੀ, ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ। ਉਹ ਇਸੇ ਬਾਰੇ ਬੋਲੇ ਹਨ। ਆਪ ਜੀ ਅਤੇ ਮੇਰੇ ਵਿੱਚ ਕੀ ਫ਼ਰਕ ਹੈ? ਜੇ ਆਪ ਜਲ ਤਰੰਗ ਹੋ ਤਾਂ ਮੈ ਜਲ ਤਰੰਗ ਦੀ ਲਹਿਰ ਹਾਂ।

ਭਗਤ ਰਵਿਦਾਸ ਸਿਰਜਣਾ ਅਤੇ ਸਿਰਜਣਹਾਰ ਵਿੱਚ ਕੋਈ ਫ਼ਰਕ ਨਹੀਂ ਕਰਦੇ। ਉਹ ਸਮੁੱਚੀ ਮਨੁੱਖਾ ਨਸਲ ਨੂੰ ਇੱਕ ਮੰਨਦੇ ਹਨ।

ਭਗਤ ਰਵਿਦਾਸ ਅਤੇ ਗੁਰੂ ਨਾਨਕ ਦੀ ਮੁਲਾਕਾਤ ਦੀ ਕੋਈ ਗਵਾਹੀ ਨਹੀਂ ਮਿਲਦੀ ਪਰ ਉਨ੍ਹਾਂ ਦੋਵਾਂ ਵਿੱਚ ਬੇਖ਼ੌਫ਼ ਹੋਣ ਦੀ ਰਮਜ਼ ਸਾਂਝੀ ਹੈ। ਦੋਵਾਂ ਨੇ ਨਾਇਨਸਾਫ਼ੀ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।

ਉਨ੍ਹਾਂ ਦੇ ਕਈ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਇੱਕ ਸ਼ਬਦ ਵਿੱਚ ਉਹ ਕਹਿੰਦੇ ਹਨ,

ਰੇ ਚਿਤ ਚੇਤਿ ਚੇਤ ਅਚੇਤ॥
ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥
(ਰਾਗ ਕੇਦਾਰਾ, ਰਵਿਦਾਸ)

ਓ ਮੇਰੇ ਅਚੇਤ ਮਨਾ, ਸੁਚੇਤ ਹੋ ਜਾ।
ਬਾਲਮੀਕੀ ਨੂੰ ਕਿਉਂ ਨਹੀਂ ਦੇਖਦੇ ਹੋ?
ਜੋ ਨੀਵੀਂ ਜਾਤ ਵਿੱਚ ਪੈਦਾ ਹੋਣ ਦੇ ਬਾਵਜੂਦ ਚੇਤਨਾ ਦੇ ਸਿਖ਼ਰ ਨੂੰ ਪਹੁੰਚੇ, ਸ੍ਰੇਸ਼ਟ ਭਗਤੀ ਅਤੇ ਚਿੰਤਨ ਦੁਆਰਾ।
ਅਜਾਮਲ, ਪਿੰਗਲਾ, ਲੁਭਤ ਅਤੇ ਕੁੰਚਰ ਵਰਗੇ ਅਨੇਕ ਨਿਰੰਕਾਰ ਵਿੱਚ ਲੀਨ ਹੋ ਗਏ।
ਇਸੇ ਤਰ੍ਹਾਂ ਨਾਂਹ-ਪੱਖੀ ਸੋਚ ਵਾਲਿਆਂ ਦਾ ਵੀ ਪਾਰ-ਉਤਾਰਾ ਹੋ ਗਿਆ।
ਰਵਿਦਾਸ ਨੇ ਪੁੱਛਿਆ ਕਿ ਤਾਂ ਫਿਰ ਤੇਰਾ ਪਾਰ-ਉਤਾਰਾ ਕਿਉਂ ਨਹੀਂ ਹੋਵੇਗਾ?
(ਰਾਗ ਕੇਦਾਰਾ, ਭਗਤ ਰਵਿਦਾਸ)

ਭਗਤ ਰਵਿਦਾਸ ਦੀ ਸੋਭਾ ਹੋਈ ਤਾਂ ਅਸ਼ਰਾਫ਼ ਜਮਾਤ ਅਤੇ ਸ਼ਾਹੀ ਪਰਿਵਾਰਾਂ ਦੇ ਜੀਅ ਵੀ ਉਨ੍ਹਾਂ ਦੇ ਸ਼ਰਧਾਲੂ ਹੋ ਗਏ।

ਪੰਜਾਬ ਵਿੱਚ ਭਗਤ ਰਵਿਦਾਸ ਦੇ ਪੈਰੋਕਾਰ ਗੁਰੂ ਨਾਨਕ ਨਾਲ ਨੇੜਿਓਂ ਜੁੜੇ ਹੋਏ ਹਨ। ਇਤਿਹਾਸਕ ਤੌਰ ਉੱਤੇ ਉਹ ਆਪਣੀ ਇਬਾਦਤਗਾਹ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ। ਅਸੀਂ ਆਪਣੀ ਪੜਤਾਲ ਦੌਰਾਨ ਦੇਖਿਆ ਕਿ ਹੁਣ ਇਸ ਦਸਤੂਰ ਵਿੱਚ ਖੋਰ ਪੈਣ ਲੱਗੀ ਹੈ।

ਵੱਖ-ਵੱਖ ਬਰਾਦਰੀਆਂ ਵਿੱਚ ਵੰਡੀਆਂ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਮੈਂ ਸਮਝਦਾ ਹਾਂ ਕਿ ਅਸੀਂ ਗੁਰੂ ਨਾਨਕ ਅਤੇ ਭਗਤ ਰਵੀਦਾਸ ਵਾਲੇ ਵਹਿਦਤ ਦੇ ਸੁਨੇਹੇ ਦੀ ਸਹੀ ਸ਼ਨਾਖ਼ਤ ਕਰਨ ਤੋਂ ਖੁੰਝ ਗਏ ਹਾਂ ਜਿਸ ਦਾ ਉਨ੍ਹਾਂ ਨੇ ਹਕੀਕੀ ਮੁਜ਼ਾਹਰਾ ਕੀਤਾ ਸੀ।

ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
(ਰਾਗ ਬਸੰਤ, ਗੁਰੂ ਨਾਨਕ)

ਰੂਹਾਨੀ ਵਿਵੇਕ ਨਾਲ ਹੀ ਇਹ ਸਮਝ ਆਉਂਦੀ ਹੈ ਕਿ ਅਜ਼ਲਾਂ ਤੋਂ ਹਾਜ਼ਰਾ-ਹਜ਼ੂਰ ਹੀ ਇੱਕੋ-ਇੱਕ ਤਾਕਤ ਹੈ।
(ਰਾਗ ਬਸੰਤ, ਗੁਰੂ ਨਾਨਕ)

ਅਸੀਂ ਹੁਣ ਘਾਟ ਦੇ ਲਾਗੇ ਗੁਰਦਵਾਰਾ ਗੁਰੂ ਕਾ ਬਾਗ਼ ਜਾ ਰਹੇ ਹਾਂ।

ਅਮਰਦੀਪ ਸਿੰਘ: ਗੰਗਾ ਦੇ ਘਾਟ ਦੇ ਨੇੜੇ, ਗੁਰਦਵਾਰਾ ਗੁਰੂ ਕਾ ਬਾਗ਼, ਗੁਰੂ ਨਾਨਕ ਦੇ ਬਨਾਰਸ ਦੇ ਘਾਟਾਂ ਉੱਤੇ ਆਉਣ ਦੀ ਯਾਦ ਵਿੱਚ ਬਣਿਆ ਹੈ, ਜਿੱਥੇ ਉਨ੍ਹਾਂ ਨੇ ਸੰਤਾਂ ਅਤੇ ਵਿਦਵਾਨਾਂ ਨਾਲ ਗੋਸ਼ਟਿ ਰਚਾਇਯਾ।

ਗੰਗਾ ਦੇ ਕੰਢਿਆਂ ਉੱਤੇ ਬ੍ਰਾਹਮਣਾਂ ਦੇ ਇੱਕ ਜਥੇ ਨੇ ਗੁਰੂ ਨਾਨਕ ਨੂੰ ਸੁਆਲ ਕੀਤਾ ਕਿ ਗ੍ਰੰਥਾਂ ਦਾ ਗਿਆਨ ਹੋਣਾ ਜ਼ਿਆਦਾ ਅਹਿਮ ਹੈ ਜਾਂ ਅਮਲ ਕਰਨ ਦਾ ਇਰਾਦਾ ਅਹਿਮ ਹੈ? ਜੁਆਬ ਵਿਚ ਹੁਰੂ ਨਾਨਕ ਨੇ ਗਾਇਆ

ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥
(ਰਾਗ ਸਾਰੰਗ, ਗੁਰੂ ਨਾਨਕ)

ਵੇਦ ਸੌਦਾਗਰ ਹਨ। ਰੂਹਾਨੀ ਵਿਵੇਕ ਹੀ ਸੱਚੀ ਪੂੰਜੀ ਹੈ ਜੋ ਸੱਚੇ ਕਰਮਾਂ ਨਾਲ ਮਿਲਦੀ ਹੈ।
ਨਾਨਕ ਨੇ ਫ਼ਰਮਾਇਆ ਕਿ ਇਸ ਪੂੰਜੀ ਤੋਂ ਬਿਨਾਂ ਵੱਡਾ ਮੁਨਾਫ਼ਾ ਕੋਈ ਨਹੀਂ ਕਮਾ ਸਕਦਾ।
(ਰਾਗ ਸਾਰੰਗ, ਗੁਰੂ ਨਾਨਕ)

ਜਦੋਂ ਗਿਆਨ ਉੱਤੇ ਨੇਕ ਇਰਾਦਿਆਂ ਨਾਲ ਅਮਲ ਕੀਤਾ ਜਾਂਦਾ ਹੈ ਤਾਂ ਇਹ ਵਿਵੇਕ ਦਾ ਅੰਮ੍ਰਿਤ ਬਣ ਜਾਂਦਾ ਹੈ ਅਤੇ ਰੂਹਾਨੀ ਤਰੱਕੀ ਵਿੱਚ ਸਹਾਈ ਹੁੰਦਾ ਹੈ। ਜੇ ਗਿਆਨ ਉੱਤੇ ਬਦਨੀਅਤੀ ਨਾਲ ਅਮਲ ਕੀਤਾ ਜਾਵੇ ਤਾਂ ਇਹੋ ਮਾਰੂ ਜ਼ਹਿਰ ਬਣ ਜਾਂਦਾ ਹੈ ਅਤੇ ਰੂਹਾਨੀ ਨਿਘਾਰ ਦਾ ਸਬੱਬ ਬਣਦਾ ਹੈ।

ਵਾਰਾਣਸੀ ਵਿੱਚ ਵੰਨ-ਸਵੰਨੇ ਪਿਛੋਕੜ ਵਾਲੇ ਲੋਕਾਂ ਨਾਲ ਵਿਚਰਦਿਆਂ ਮੇਰੀ ਸੋਚ ਉਸ ਮੱਛੀ ਵਾਂਗ ਹੈ ਜੋ ਨਦੀ ਦੇ ਫੈਲਾਅ ਤੋਂ ਬਾਹਰਲੇ ਪਸਾਰੇ ਦੀ ਥਾਹ ਪਾਉਣ ਦਾ ਉਪਰਾਲਾ ਕਰਦੀ ਹੈ।

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥
(ਸਿਰੀਰਾਗ, ਗੁਰੂ ਨਾਨਕ)

ਤੂੰ ਦਰਿਆ ਹੈਂ, ਜਾਣੀ-ਜਾਣ ਹੈਂ ਅਤੇ ਤੈਨੂੰ ਸਭ ਕੁਝ ਦਿਖਾਈ ਦਿੰਦਾ ਹੈ।
ਮੈਂ ਤਾਂ ਮਹਿਜ਼ ਮੱਛੀ ਹਾਂ, ਮੈਨੂੰ ਹਾਜ਼ਰਾ-ਹਜ਼ੂਰ ਦੇ ਪਸਾਰੇ ਦੀ ਥਾਹ ਕਿਵੇਂ ਪੈ ਸਕਦੀ ਹੈ?
ਮੇਰੀ ਜਿਧਰ ਵੀ ਨਜ਼ਰ ਪੈਂਦੀ ਹੈ, ਉਸ ਪਾਸੇ ਵਹਿਦਤ ਹੀ ਨਜ਼ਰ ਆਉਂਦੀ ਹੈ।
ਇਸ ਵਹਿਦਤ ਤੋਂ ਬਾਹਰ ਮੇਰੀ ਹੋਂਦ ਖੇਰੂੰ-ਖੇਰੂੰ ਹੋ ਜਾਂਦੀ ਹੈ।
(ਸਿਰੀਰਾਗ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੮: ਅਧਿਕਾਰ (ਹੱਕਦਾਰੀ)

ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀ ਬਨਾਰਸ ਯਾਤਰਾ ਦੇ ਲਾਸਾਨੀ ਇਤਿਹਾਸਕ ਅਤੇ ਦਾਰਸ਼ਨਿਕ ਮਹੱਤਵ ਨੂੰ ਉਜਾਗਰ ਕਰਦੇ ਹਨ। ਇਹ ਭਗਤ ਰਾਮਾਨੰਦ ਅਤੇ ਭਗਤ ਰਵਿਦਾਸ ਵਰਗੇ ਮਹਾਨ ਰੂਹਾਨੀ ਸੁਧਾਰਕਾਂ ਨਾਲ ਗੁਰੂ ਨਾਨਕ ਦੇ ਸੰਬੰਧਾਂ ਨੂੰ ਵੀ ਪ੍ਰਗਟ ਕਰਦੇ ਹਨ। ਦਾਰਸ਼ਨਿਕ ਤੌਰ ‘ਤੇ, ਉਹ ਕਰਮਕਾਂਡੀ ਰਸਮਾਂ ਅਤੇ ਬਾਹਰੀ ਧਾਰਮਿਕ ਆਡੰਬਰਾਂ ਬਾਰੇ ਆਲੋਚਨਾ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੀ ਵਿਚਾਰਧਾਰਾ ਪਵਿੱਤਰਤਾ ਅਤੇ ਰੂਹਾਨੀ ਗਿਆਨ ਬਾਰੇ ਨਵੀਨ ਪਰਿਭਾਸ਼ਾ, ਜਾਤੀ-ਅਧਾਰਤ ਭੇਦਭਾਵ ਨੂੰ ਬੇਬਾਕ ਚੁਣੌਤੀ ਅਤੇ ਦੈਵੀ ਸਤਾ ਨਾਲ ਮਨੁੱਖ ਦੇ ਪ੍ਰੇਰਣਾਦਾਇਕ ਸੰਬੰਧਾਂ ਨੂੰ ਉਜਾਗਰ ਕਰਦੀ ਹੈ। ਸਮੂਹਿਕ ਤੌਰ ‘ਤੇ, ਇਹ ਦ੍ਰਿਸ਼ਟਾਂਤ ਇਹ ਸਮਝਣ ਲਈ ਇਕ ਢਾਂਚਾ ਤਿਆਰ ਕਰਦੇ ਹਨ ਕਿ ਗੁਰੂ ਨਾਨਕ ਬਨਾਰਸ ਯਾਤਰਾ ਦੌਰਾਨ ਨਾ ਕੇਵਲ ਇਕ ਰੂਹਾਨੀ ਸੰਵਾਦ ਰਚਾਉਂਦੇ ਹਨ ਬਲਕਿ ਆਪਣੇ ਸਮੇਂ ਦੀਆਂ ਧਾਰਮਿਕ ਰਸਮਾਂ ਨੂੰ ਇਕ ਦਾਰਸ਼ਨਿਕ ਚੁਣੌਤੀ ਵੀ ਦਿੰਦੇ ਹਨ। ਉਨ੍ਹਾਂ ਦੀ ਵਿਰਾਸਤ ਸਾਨੂੰ ਨੈਤਿਕ ਆਚਰਣ ਨਾਲ ਲਬਰੇਜ਼ ਰੂਹਾਨੀਅਤ, ਆਤਮ-ਪੜਚੋਲ ਅਤੇ ਪੂਰੀ ਸ੍ਰਿਸ਼ਟੀ ਵਿਚ ਵਿਆਪਕ ਦੈਵੀ ਸਤਾ ਦੀ ਹਾਜ਼ਰਤਾ ਨੂੰ ਕਲਾਵੇ ਵਿਚ ਲੈਣ ਲਈ ਪ੍ਰੇਰਿਤ ਕਰਦੀ ਹੈ।

## ਇਤਿਹਾਸਕ ਚਰਚਾ ਨੁਕਤੇ:

੧. **ਗੁਰੂ ਨਾਨਕ ਦੇ ਸਮੇਂ ਵਿਚ ਬਨਾਰਸ ਦਾ ਇਤਿਹਾਸਕ ਮਹੱਤਵ ਕੀ ਸੀ, ਅਤੇ ਉਨ੍ਹਾਂ ਨੇ ਇਸ ਸ਼ਹਿਰ ਨੂੰ ਯਾਤਰਾ ਲਈ ਕਿਉਂ ਚੁਣਿਆ?**
   ਇਸ ਐਪੀਸੋਡ ਦਰਸਾਉਂਦਾ ਹੈ ਕਿ ਹਿੰਦੂ ਗ੍ਰੰਥਾਂ ਅਨੁਸਾਰ ਵਾਰਾਣਸੀ, ਜਿਸ ਨੂੰ ਬਨਾਰਸ ਜਾਂ ਕਾਸ਼ੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਸਭ ਤੋਂ ਪ੍ਰਾਚੀਨ ਵਸੋਂ ਵਾਲੇ ਥਾਵਾਂ ਵਿਚੋਂ ਭਾਰੀ ਵਸੋਂ ਵਾਲਾ ਇਕ ਪਵਿੱਤਰ ਨਗਰ ਹੈ। ਇਹ ਅਨਾਦਿਕਾਲ ਤੋਂ ਉਨ੍ਹਾਂ ਯਾਤਰੀਆਂ ਲਈ ਖਿਚ ਦਾ ਕੇਂਦਰ ਬਣਿਆ ਹੋਇਆ ਹੈ, ਜੋ ਭਗਵਾਨ ਸ਼ਿਵ ਨੂੰ ਸਮਰਪਿਤ ਕਾਸ਼ੀ ਵਿਸ਼ਵਨਾਥ ਮੰਦਰ ਵਿਚ ਸ਼ਰਧਾ ਭੇਟ ਕਰਨ ਆਉਂਦੇ ਸਨ। ਐਪੀਸੋਡ ਵਿਚ ਇਹ ਉਲੇਖ ਕੀਤਾ ਗਿਆ ਹੈ ਕਿ ਇਸ ਸ਼ਹਿਰ ਵਿੱਚ ਲਗਭਗ ੮੮ ਪ੍ਰਮੁਖ 'ਘਾਟ' ਹਨ, ਜੋ ਵੱਖ-ਵੱਖ ਧਾਰਮਿਕ ਰਸਮਾਂ ਲਈ ਪ੍ਰਸਿੱਧ ਹਨ ਅਤੇ ਵੱਖ-ਵੱਖ ਦਾਰਸ਼ਨਿਕ

ਵਿਚਾਰਧਾਰਾ ਵਾਲੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਰਹੇ ਹਨ। ਵਿਸ਼ੇਸ਼ ਤੌਰ 'ਤੇ, ਇਸ ਭਾਗ ਵਿਚ ਇਹ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਨੇ ਇਥੇ ਵਸਦੇ ਸੰਤਾਂ ਅਤੇ ਵਿਦਵਾਨਾਂ ਨਾਲ ਸੰਵਾਦ ਕਰਨ ਲਈ ਬਨਾਰਸ ਦੀ ਯਾਤਰਾ ਕੀਤੀ ਸੀ। ਗੁਰੂ ਨਾਨਕ ਨੇ ਸਥਾਪਿਤ ਧਾਰਮਿਕ ਕੇਂਦਰਾਂ ਅਤੇ ਵਿਦਵਾਨਾਂ ਦੇ ਸਮੂਹਾਂ ਨਾਲ ਹੋਏ ਸੰਵਾਦਾਂ ਦੌਰਾਨ ਸਮਾਨਤਾ ਅਤੇ ਸਮਾਜਿਕ ਸੁਧਾਰ ਦਾ ਰੂਹਾਨੀ ਸੰਦੇਸ਼ ਕਿਵੇਂ ਫੈਲਾਇਆ? ਇਸ ਪ੍ਰਾਚੀਨ ਵਿਦਿਆ ਕੇਂਦਰ ਅਤੇ ਕਰਮਕਾਂਡੀ ਕਿਰਿਆਵਾਂ ਨਾਲ ਸੰਬੰਧਿਤ ਸਥਾਨ ਉਪਰ ਕਿਸ ਤਰ੍ਹਾਂ ਦੀ ਉਦੇਸ਼ ਪੂਰਤੀ ਦੀ ਆਸ ਰੱਖੀ ਹੋਵੇਗੀ?

**੨. ਬਨਾਰਸ ਦੇ ਬ੍ਰਾਹਮਣਾਂ ਅਤੇ ਵਿਦਵਾਨਾਂ ਨੇ ਗੁਰੂ ਨਾਨਕ ਦੇ ਵਿਚਾਰਾਂ ਉੱਤੇ ਕਿਸ ਤਰ੍ਹਾਂ ਦੀ ਪ੍ਰਤੀਕ੍ਰਿਆ ਦਿੱਤੀ, ਅਤੇ ਇਨ੍ਹਾਂ ਸੰਵਾਦਾਂ ਤੋਂ ਉਸ ਕਾਲ ਦੀਆਂ ਰੂਹਾਨੀ ਚਰਚਾਵਾਂ ਬਾਰੇ ਕੀ ਪਤਾ ਲਗਦਾ ਹੈ?**

ਇਸ ਐਪੀਸੋਡ ਵਿਚ ਬ੍ਰਾਹਮਣ ਸਮਾਜ ਨਾਲ ਸੰਬੰਧਿਤ ਕਈ ਮਹੱਤਵਪੂਰਨ ਸੰਵਾਦਾਂ ਦਾ ਉਲੇਖ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਗੰਗਾ ਰਾਮ, ਜੋ ਬਨਾਰਸ ਦੇ ਇਕ ਉੱਚ ਜਾਤੀ ਬ੍ਰਾਹਮਣ ਸਨ, ਗੁਰੂ ਨਾਨਕ ਦੇ ਆਚਰਣ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਪੈਰੋਕਾਰ ਬਣ ਗਏ। ਇਸਦੇ ਉਲਟ, ਚਤੁਰ ਦਾਸ, ਉੱਚ ਜਾਤੀ ਬ੍ਰਾਹਮਣ, ਦੁਆਰਾ ਗੁਰੂ ਨਾਨਕ ਉਪਰ ਇਹ ਪ੍ਰਸ਼ਨ ਕੀਤਾ ਗਿਆ ਕਿ ਉਹ ਕਿਸ ਤਰ੍ਹਾਂ ਦੇ ਭਗਤ ਸਨ, ਕਿਉਂਕਿ ਨਾ ਤਾਂ ਉਨ੍ਹਾਂ ਤੁਲਸੀ ਦੀ ਮਾਲਾ ਪਾਈ ਹੋਈ ਸੀ, ਨਾ ਹੀ ਮੱਥੇ 'ਤੇ ਚੰਦਨ ਦਾ ਤਿਲਕ ਲਾਇਆ ਹੋਇਆ ਸੀ, ਅਤੇ ਨਾ ਹੀ 'ਸ਼ਾਲੀਗ੍ਰਾਮ' ਦਾ ਪੱਥਰ ਆਪਣੇ ਕੋਲ ਰੱਖਿਆ ਹੋਇਆ ਸੀ। ਇਕ ਬ੍ਰਾਹਮਣ ਨੇ ਗੁਰੂ ਨਾਨਕ ਨੂੰ ਭੋਜਨ ਲਈ ਸੱਦਾ ਦਿੱਤਾ ਅਤੇ ਆਦਰ ਸਹਿਤ ਧਾਰਮਿਕ ਰਸਮਾਂ ਅਨੁਸਾਰ ਚੌਂਕੇ ਦੀ ਸ਼ੁੱਧਤਾ ਦਾ ਪੂਰਾ ਧਿਆਨ ਰੱਖਿਆ। ਇਸ ਤੋਂ ਇਲਾਵਾ, ਵਿਦਵਾਨਾਂ ਨੇ ਗੁਰੂ ਨਾਨਕ ਨਾਲ ਸੰਵਾਦ ਰਚਾਇਆ ਅਤੇ ਪੁੱਛਿਆ ਕਿ, ਕੀ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਐਨ ਰੂਹਾਨੀਅਤ ਦੇ ਉਥਾਨ ਲਈ ਸਹਾਈ ਹੁੰਦਾ ਹੈ। ਇਹ ਵੱਖ-ਵੱਖ ਸੰਵਾਦ, ਸਥਾਪਿਤ ਧਾਰਮਿਕ ਰਵਾਇਤਾਂ ਬਾਰੇ ਗੁਰੂ ਨਾਨਕ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਸਵਾਗਤ ਕਰਨ ਬਾਰੇ ਕੀ ਸੁਝਾਵ ਦਿੰਦੇ ਹਨ, ਅਤੇ ਸੰਭਾਵਿਤ ਵਿਰੋਧ ਦੇ ਬਾਵਜੂਦ ਉਨ੍ਹਾਂ ਦੀ ਸੰਵਾਦ ਸ਼ੈਲੀ ਰਾਹੀਂ ਸੰਦੇਸ਼ ਨੂੰ ਸੰਚਾਰਿਤ ਕਰਨ ਵਿੱਚ ਕਿਵੇਂ ਮਦਦ ਕਰਦੇ ਹਨ?

**੩. ਗੁਰੂ ਨਾਨਕ ਅਤੇ ਉਨ੍ਹਾਂ ਦੇ ਸਮਕਾਲੀ ਮਹਾਨ ਰੂਹਾਨੀ ਰਹਿਬਰਾਂ ਦੇ ਵਿਚਕਾਰ ਇਤਿਹਾਸਕ ਸੰਬੰਧਾਂ ਦੇ ਕੀ ਪ੍ਰਮਾਣ ਉਪਲਬਧ ਹਨ?**

ਇਹ ਐਪੀਸੋਡ ਪ੍ਰਮਾਣਿਤ ਨਹੀਂ ਕਰਦਾ ਕਿ ਗੁਰੂ ਨਾਨਕ ਅਤੇ ਹੋਰ ਰੂਹਾਨੀ ਰਹਿਬਰਾਂ ਦੀ ਪ੍ਰਤੱਖ ਮੁਲਾਕਾਤ ਹੋਈ ਸੀ, ਪਰ ਉਨ੍ਹਾਂ ਦੀ ਦਾਰਸ਼ਨਿਕ ਸਾਂਝ ਕਾਰਣ 'ਗੁਰੂ ਗ੍ਰੰਥ ਸਾਹਿਬ' ਵਿਚ ਉਨ੍ਹਾਂ ਦੀ

ਬਾਣੀ ਨੂੰ ਸੰਕਲਿਤ ਕੀਤਾ ਗਿਆ ਹੈ। ਭਗਤ ਰਾਮਾਨੰਦ ਦੇ ਸੰਬੰਧ ਵਿਚ, ਇਹ ਐਪੀਸੋਡ ਦਸਦਾ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਭਗਤ ਰਾਮਾਨੰਦ ਦਾ ਸਬਦ ਦਰਜ਼ ਹੈ, ਜੋ ਉਨ੍ਹਾਂ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਵਿਚ ਸਮਾਨਤਾ ਦਾ ਪ੍ਰਮਾਣ ਹੈ। ਇਸੇ ਤਰ੍ਹਾਂ, ਭਗਤ ਰਵਿਦਾਸ ਬਾਰੇ ਕਿਹਾ ਗਿਆ ਹੈ ਕਿ ਇਸ ਦਾ ਕੋਈ ਦਸਤਾਵੇਜ਼ੀ ਪ੍ਰਮਾਣ ਉਪਲਬਧ ਨਹੀਂ ਹੈ ਕਿ ਭਗਤ ਰਵਿਦਾਸ ਅਤੇ ਗੁਰੂ ਨਾਨਕ ਪ੍ਰਤੱਖ ਰੂਪ ਵਿਚ ਮਿਲੇ ਸਨ, ਪਰ ਉਹਨਾਂ ਨਿਡਰਤਾ ਦੇ ਗੁਣਾਂ ਨੂੰ ਸਾਂਝਾ ਕੀਤਾ। ਭਗਤ ਰਵਿਦਾਸ ਦੇ ਸਬਦ ਵੀ 'ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਿਤ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਰੂਹਾਨੀ ਰਹਿਬਰਾਂ ਦੀ ਬਾਣੀ ਦੇ ਸ਼ਾਮਲ ਹੋਣ ਤੋਂ ਗੁਰੂ ਨਾਨਕ ਦੇ ਵੱਖ-ਵੱਖ ਪਰੰਪਰਾਵਾਂ ਨਾਲ ਸੰਬੰਧਿਤ ਰੂਹਾਨੀ ਗਿਆਨ ਪ੍ਰਤੀ ਨਜ਼ਰੀਏ ਦਾ ਕੀ ਸੰਕੇਤ ਮਿਲਦਾ ਹੈ, ਅਤੇ ਇਸ ਬਾਣੀ ਦੇ ਦਰਜ਼ ਹੋਣ ਨਾਲ ਉਭਰ ਰਹੀ ਸਿੱਖ ਪਰੰਪਰਾ ਦੀ ਉਦਾਰਵਾਦੀ ਪ੍ਰਕਿਰਤੀ ਨੂੰ ਕਿਵੇਂ ਸਰੂਪ ਦਿੱਤਾ?

## ੪. ਜਾਤਵਾਦੀ ਭੇਦਭਾਵ ਦੀ ਸਮਾਜਿਕ ਪਿੱਠਭੂਮੀ ਨੇ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਮਕਾਲੀਨ ਰਹਿਬਰਾਂ ਦੇ ਰੂਹਾਨੀ ਸੰਦੇਸ਼ਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਇਹ ਐਪੀਸੋਡ ਇਸ ਕਾਲ ਵਿਚ ਹੋਏ ਜਾਤੀਵਾਦ ਭੇਦਭਾਵ ਉਪਰ ਮਹੱਤਵਪੂਰਨ ਰੋਸ਼ਨੀ ਪਾਉਂਦਾ ਹੈ। ਇਸ ਵਿਚ ਪੇਸ਼ ਕੀਤਾ ਗਿਆ ਹੈ ਕਿ ਭਗਤ ਰਾਮਾਨੰਦ ਦੇ ਸਮੇਂ ਵਿਚ ਜਾਤੀਵਾਦੀ ਵੰਡ ਨੇ ਪੂਰੇ ਭਾਰਤੀ ਸਮਾਜ ਦੀ ਨੀਂਹ ਨੂੰ ਕਮਜ਼ੋਰ ਕਰ ਦਿੱਤਾ ਸੀ। ਉਨ੍ਹਾਂ ਨੇ ਨੀਵੀਂ ਜਾਤਾਂ ਅਤੇ ਮੁਸਲਮਾਨ ਧਰਮ ਵਿਚੋਂ ਆਪਣੇ ਪੈਰੋਕਾਰ ਬਣਾ ਸਥਾਪਿਤ ਸਮਾਜਿਕ ਨਿਯਮਾਂ ਨੂੰ ਤੋੜਿਆ। ਭਗਤ ਰਵਿਦਾਸ ਦਾ ਜਨਮ ੧੪੧੪ ਈਸਵੀ ਨੂੰ ਨੀਵੀਂ ਜਾਤ ਦੇ ਚਮਿਆਰ ਪਰਿਵਾਰ ਵਿਚ ਬਨਾਰਸ ਵਿਖੇ ਹੋਇਆ ਸੀ। ਮੋਚੀ ਦਾ ਕੰਮ ਕਰਨ ਵਾਲੇ ਇਸ ਵਰਗ ਨੂੰ ਅਛੂਤ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਉਸ ਪੁਜਾਰੀ ਵਰਗ ਦੀ ਇਸ ਧਾਰਨਾ ਦਾ ਵਿਰੋਧ ਕੀਤਾ, ਜੋ ਇਹ ਦਾਅਵਾ ਕਰਦਾ ਸੀ ਕਿ ਜਾਤੀ ਦੈਵੀ ਸਤਾ ਨਾਲ ਸੰਬੰਧ ਜੋੜਣ ਵਿਚ ਇਕ ਮੁੱਢਲੀ ਭੂਮਿਕਾ ਨਿਭਾਉਂਦੀ ਹੈ। ਗੁਰੂ ਨਾਨਕ ਨੇ ਧਰਮ ਦੇ ਨਾਂ 'ਤੇ ਹੋਣ ਵਾਲੀ ਅਜਿਹੀ ਵੰਡ ਅਤੇ ਵਿਤਕਰਿਆਂ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਲਿੰਗ ਅਸਮਾਨਤਾ ਦੇ ਵਿਰੁੱਧ ਪੁਰਜ਼ੋਰ ਆਪਣੀ ਆਵਾਜ਼ ਬੁਲੰਦ ਕੀਤੀ। ਜਾਤੀਵਾਦ ਦੇ ਭੇਦਭਾਵ ਨੂੰ ਸਾਂਝੇ ਰੂਪ ਵਿਚ ਦਿੱਤੀ ਇਸ ਚੁਣੌਤੀ ਰਾਹੀ ਧਾਰਮਿਕ ਸੁਧਾਰ ਅੰਦੋਲਨਾਂ ਦੀ ਨੀਂਹ ਕਿਵੇਂ ਰੱਖੀ ਗਈ, ਅਤੇ ਇਨ੍ਹਾਂ ਰੂਹਾਨੀ ਰਹਿਬਰਾਂ ਨੇ ਇਨ੍ਹਾਂ ਚੁਣੌਤੀਆਂ ਨੂੰ ਆਪਣੇ ਵਿਲੱਖਣ ਢੰਗ ਰਾਹੀਂ ਕਿਵੇਂ ਵੰਗਾਰਿਆ?

## ੫. ਬਨਾਰਸ ਵਿਚ ਕਿਹੜੇ-ਕਿਹੜੇ ਯਾਦਗਾਰੀ ਸਥਾਨ ਗੁਰੂ ਨਾਨਕ ਦੀ ਯਾਤਰਾ ਦੀ ਯਾਦ ਨੂੰ ਸੰਭਾਲੀ ਬੈਠੇ ਹਨ, ਅਤੇ ਉਹ ਉਨ੍ਹਾਂ ਦੀ ਉਦਾਸੀ ਦੇ ਇਤਿਹਾਸਕ ਪ੍ਰਭਾਵ ਬਾਰੇ ਕੀ ਦੱਸਦੇ ਹਨ?

ਇਸ ਐਪੀਸੋਡ ਵਿਚ ਗੁਰਦੁਆਰਾ ਗੁਰੂ ਦਾ ਬਾਗ ਬਾਰੇ ਝਾਤ ਪਾਈ ਗਈ ਹੈ, ਜੋ 'ਘਾਟਾਂ' ਦੇ ਨੇੜੇ ਸਥਿਤ ਹੈ ਅਤੇ ਇਹ ਗੁਰੂ ਨਾਨਕ ਦੇ ਬਨਾਰਸ 'ਘਾਟਾਂ' ਉਪਰ ਆਉਣ ਦੀ ਯਾਦ ਨੂੰ ਸਮਰਪਿਤ ਹਨ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਰੂਹਾਨੀ ਰਹਿਬਰਾਂ ਨਾਲ ਸੰਵਾਦ ਰਚਾਇਆ ਸੀ। ਇਹ ਗੁਰਦੁਆਰਾ ਵਿਸ਼ੇਸ਼ ਤੌਰ 'ਤੇ ਗੰਗਾ ਨਦੀ ਦੇ ਕੰਢੇ ਸਥਿਤ ਹੈ। ਇਸ ਯਾਦਗਾਰ ਸਥਾਨ ਦੀ ਸਥਾਪਨਾ ਅਤੇ ਸੰਭਾਲ ਗੁਰੂ ਨਾਨਕ ਦੀ ਬਨਾਰਸ ਯਾਤਰਾ ਦੇ ਸਥਾਈ ਪ੍ਰਭਾਵ ਬਾਰੇ ਕੀ ਸੰਕੇਤ ਦਿੰਦੀ ਹੈ? ਇਹ ਉਹਨਾਂ ਵੱਡੇ ਪੱਧਰ ਉਪਰ ਸਥਿਤ ਸਥਾਨਾਂ ਨਾਲ ਕਿਵੇਂ ਸੰਬੰਧਿਤ ਹੈ, ਜੋ ਭਾਰਤੀ ਉਪਮਹਾਂਦੀਪ ਵਿਚ ਉਨ੍ਹਾਂ ਦੀਆਂ ਮਹਾਨ ਯਾਤਰਾਵਾਂ ਦੀ ਯਾਦ ਨੂੰ ਸੰਭਾਲੀ ਬੈਠੇ ਹਨ?

**੬. ਸਮੇਂ ਦੇ ਨਾਲ ਭਗਤ ਰਵਿਦਾਸ ਅਤੇ ਗੁਰੂ ਨਾਨਕ ਦੇ ਪੈਰੋਕਾਰਾਂ ਵਿਚਕਾਰ ਇਤਿਹਾਸਕ ਸੰਬੰਧ ਕਿਵੇਂ ਵਿਕਸਿਤ ਹੋਏ?**

ਇਸ ਐਪੀਸੋਡ ਵਿਚ ਦਰਸਾਇਆ ਗਿਆ ਹੈ ਕਿ ਪੰਜਾਬ ਵਿਚ ਭਗਤ ਰਵਿਦਾਸ ਦੇ ਪੈਰੋਕਾਰ ਗੁਰੂ ਨਾਨਕ ਨਾਲ ਧੁਰੋਂ ਜੁੜੇ ਹੋਏ ਹਨ। ਇਤਿਹਾਸਕ ਤੌਰ 'ਤੇ, ਉਹ ਆਪਣੇ ਪੂਜਾ ਸਥਾਨਾਂ ਉਪਰ 'ਗੁਰੂ ਗ੍ਰੰਥ ਸਾਹਿਬ' ਦੀ ਸਥਾਪਨਾ ਕਰਦੇ ਸਨ। ਭਾਵੇਂ, ਬ੍ਰਿਤਾਂਤਕਾਰ ਇਹ ਉਲੇਖ ਕਰਦਾ ਹੈ ਕਿ ਆਪਣੇ ਅਧਿਐਨ ਦੌਰਾਨ ਉਨ੍ਹਾਂ ਨੇ ਦੇਖਿਆ ਕਿ ਇਹ ਪਰੰਪਰਾ ਹੌਲੀ-ਹੌਲੀ ਘੱਟ ਰਹੀ ਹੈ। ਸਮਾਜ ਦੇ ਵਰਗਾਂ ਵਿਚਕਾਰ ਹੋਈ ਵੰਡ ਲਈ ਸਾਰੇ ਸਾਂਝੇ ਤੌਰ 'ਤੇ ਜ਼ਿੰਮੇਵਾਰੀ ਹਨ। ਬ੍ਰਿਤਾਂਤਕਾਰ ਇਸ ਤੱਥ ਨੂੰ ਸਵਿਕਾਰਦਾ ਹੈ ਕਿ ਅਸੀਂ ਗੁਰੂ ਨਾਨਕ ਅਤੇ ਭਗਤ ਰਵਿਦਾਸ ਵੱਲੋਂ ਪ੍ਰਸਾਰੀ ਸਰਬਸਾਂਝੀ ਵਿਸ਼ਵਵਿਆਪੀ ਵਿਚਾਰਧਾਰਾ ਨੂੰ ਅਪਣਾਉਣ ਵਿਚ ਅਸਫ਼ਲ ਰਹੇ ਹਾਂ। ਇਨ੍ਹਾਂ ਦੋ ਸਮੂਹਾਂ ਵਿਚਕਾਰ ਇਸ ਇਤਿਹਾਸਕ ਸੰਬੰਧ ਦਾ ਕਾਰਣ ਕੀ ਹੋ ਸਕਦਾ ਹੈ, ਅਤੇ ਆਧੁਨਿਕ ਸਮੇਂ ਵਿਚ ਕਿਹੜੇ-ਕਿਹੜੇ ਕਾਰਨਾਂ ਨੇ ਇਨ੍ਹਾਂ ਸੰਬੰਧਾਂ ਨੂੰ ਕਮਜ਼ੋਰ ਪਾਉਣ ਵਿਚ ਭੂਮਿਕਾ ਨਿਭਾਈ ਹੋ ਸਕਦੀ ਹੈ?

## ਦਾਰਸ਼ਨਿਕ ਚਰਚਾ ਨੁਕਤੇ:

**੧. ਗੁਰੂ ਨਾਨਕ ਗੰਗਾ ਵਿਚ ਕਰਮਕਾਂਡੀ ਇਸ਼ਨਾਨ ਦੀ ਤੁਲਨਾ ਵਿਚ ਰੂਹਾਨੀ ਸ਼ੁੱਧੀਕਰਨ ਦੀ ਅਵਧਾਰਨਾ ਨੂੰ ਕਿਵੇਂ ਪੁਨਰ ਪ੍ਰਭਾਸ਼ਿਤ ਕਰਦੇ ਹਨ?**

ਇਸ ਐਪੀਸੋਡ ਵਿਚ ਵਰਣਨ ਕੀਤਾ ਗਿਆ ਹੈ ਕਿ ਜਦ ਗੁਰੂ ਨਾਨਕ ਨੇ ਲੋਕਾਂ ਨੂੰ ਗੰਗਾ ਨਦੀ ਵਿਚ ਕਰਮਕਾਂਡੀ ਇਸ਼ਨਾਨ ਕਰਦੇ ਹੋਏ ਦੇਖਿਆ, ਤਾਂ ਉਨ੍ਹਾਂ ਨੇ ਇਕ ਸਬਦ ਰਾਹੀਂ ਇਹ ਸੰਦੇਸ਼ ਦਿੱਤਾ ਕਿ ਸਿਰਜਣਹਾਰ ਦੇ ਗੁਣਾਂ ਦਾ ਚਿੰਤਨ ਹੀ ਉਨ੍ਹਾਂ ਲਈ ਬਨਾਰਸ (ਵਾਰਾਣਸੀ) ਵਿਚਲੀ ਗੰਗਾ ਦੇ ਤੁਲ ਹੈ, ਜਿਥੇ ਉਨ੍ਹਾਂ ਦੀ ਆਤਮਾ ਪਵਿੱਤਰ ਇਸ਼ਨਾਨ ਕਰਦੀ ਹੈ। ਸਚਾ ਸ਼ੁੱਧੀਕਰਨ

ਮਨੁਖਤਾ ਦੇ ਨਿਰੰਤਰ ਸਨਮਾਨ ਵਿਚ ਹੈ। ਇਹ ਭਾਗ ਸਮਝਾਉਂਦਾ ਹੈ ਕਿ ਗੁਰੂ ਨਾਨਕ ਲਈ ਆਤਮਚਿੰਤਨ ਤੀਰਥਸਥਾਨਾਂ 'ਤੇ ਬਾਹਰੀ ਸ਼ੁਧੀ ਲਈ ਕਰਮਕਾਂਡੀ ਰਸਮਾਂ ਨਾਲੋਂ ਵਧ ਮਹੱਤਵਪੂਰਨ ਸੀ। ਜਦ ਤੀਰਥਯਾਤਰੀ ਉਨ੍ਹਾਂ ਦੇ ਚਾਰੇ ਪਾਸੇ ਇਕੱਠੇ ਹੋਏ, ਤਾਂ ਉਨ੍ਹਾਂ ਨੇ ਸਮਝਾਇਆ ਕਿ ਇਹ ਇੱਕ ਭ੍ਰਮ ਹੈ ਕਿ ਕੇਵਲ ਬੇਲੋੜੀਆਂ ਰਸਮਾਂ ਦੀ ਬਾਹਰੀ ਪਾਲਨਾਂ ਰਾਹੀਂ ਮੁਕਤੀ ਮਿਲ ਸਕਦੀ ਹੈ। ਸਿਰਫ ਅੰਤਰੀਵੀ ਇਰਾਦੇ ਹੀ ਫਲਦਾਇਕ ਹੁੰਦੇ ਹਨ। ਦਾਰਸ਼ਨਿਕ ਤੌਰ ਤੇ ਸ਼ੁੱਧੀਕਰਨ ਦੀ ਕੀਤੀ ਇਹ ਪੁਨਰ ਪਰਿਭਾਸ਼ਾ ਇਸਨੂੰ ਬਾਹਰੀ ਕਰਮਕਾਂਡ ਨਾਲੋਂ ਅੰਤਰੀਵੀ ਪ੍ਰਕਿਰਿਆ ਦੇ ਰੂਪ ਵਿਚ ਕਿਵੇਂ ਬਦਲਦੀ ਹੈ, ਅਤੇ ਇਹ ਵਿਆਪਕ ਪੱਧਰ ਉਪਰ ਰੂਹਾਨੀ ਅਭਿਆਸ ਲਈ ਕੀ ਸੁਝਾਵ ਦੇ ਸਕਦੀ ਹੈ?

## ੨. ਗੁਰੂ ਨਾਨਕ ਦੀ ਕਰਮਕਾਂਡੀ ਸ਼ੁਧਤਾ ਅਤੇ ਅਸ਼ੁਧਤਾ ਪ੍ਰਤੀ ਦਾਰਸ਼ਨਿਕ ਆਲੋਚਨਾ ਕੀ ਹੈ?

ਇਸ ਐਪੀਸੋਡ ਵਿਚ ਪੇਸ਼ ਕੀਤਾ ਗਿਆ ਹੈ ਕਿ ਗੁਰੂ ਨਾਨਕ ਕਰਮਕਾਂਡੀ ਪਵਿੱਤਰਤਾ ਦੀ ਮਾਨਤਾ ਪ੍ਰਤੀ ਆਪਣੀ ਪ੍ਰਤੀਕ੍ਰਿਆ ਇਕ ਸਬਦ ਰਾਹੀਂ ਪੇਸ਼ ਕਰਦੇ ਹਨ। ਜਿਸ ਵਿਚ ਉਹ ਖੁਲਾਸਾ ਕਰਦੇ ਹਨ ਕਿ ਜੇਕਰ ਕੋਈ ਅਸ਼ੁਧਤਾ ਵਿਚ ਵਿਸ਼ਵਾਸ ਕਰਦਾ ਹੈ, ਤਾਂ ਅਸ਼ੁੱਧਤਾ ਹਰ ਥਾਂ ਵਿਅਪਕ ਹੈ। ਇਹ ਪ੍ਰਤੀਕ੍ਰਿਆ ਇਕ ਬ੍ਰਾਹਮਣ ਨੂੰ ਕੀਤੀ ਗਈ ਸੀ, ਜੋ ਭੋਜਨ ਪਕਾਉਣ ਲਈ ਚੌਂਕੇ ਦੀ ਪਵਿੱਤਰਤਾ ਕਾਇਮ ਰੱਖਣ ਦਾ ਵਿਸ਼ੇਸ਼ ਧਿਆਨ ਰੱਖਦਾ ਸੀ। ਇਸ ਐਪੀਸੋਡ ਵਿਚ ਗੁਰੂ ਨਾਨਕ ਵੱਲੋਂ 'ਸੂਤਕ' ਪ੍ਰਤੀ ਬਣੀ ਮਾਨਤਾ ਦੀ ਵੀ ਆਲੋਚਨਾ ਦਾ ਉਲੇਖ ਕੀਤਾ ਗਿਆ ਹੈ, ਜਿਸ ਵਿਚ ਮਹਾਂਵਾਰੀ ਦੌਰਾਨ ਔਰਤਾਂ ਨੂੰ ਅਸ਼ੁੱਧ ਮੰਨਿਆ ਜਾਂਦਾ ਸੀ। ਇਹ ਅਵਧਾਰਾਨਾ ਪੂਰੇ ਸਮਾਜ ਵਿਚ ਪ੍ਰਚਿਲਤ ਸੀ। ਜਦਕਿ ਅਸਲ ਅਸ਼ੁੱਧਤਾ ਝੂਠ ਬੋਲਣ ਵਾਲੇ ਦੇ ਮੂੰਹ ਵਿੱਚ ਹੁੰਦੀ ਹੈ, ਜੋ ਉਸ ਨੂੰ ਸਨਮਾਨਹੀਨ ਬਣਾ ਦਿੰਦੀ ਹੈ। ਸ਼ੁੱਧ ਉਹ ਨਹੀਂ ਹਨ ਜੋ ਕੇਵਲ ਸਰੀਰਕ ਇਸ਼ਨਾਨ ਰਾਹੀਂ ਆਪਣੇ ਆਪ ਨੂੰ ਪਵਿੱਤਰ ਕਰਨ ਦਾ ਯਤਨ ਕਰਦੇ ਹਨ, ਬਲਕਿ ਉਹ ਹਨ ਜੋ ਆਪਣੇ ਆਪ ਪ੍ਰਤੀ ਸਚਿਆਰਤਾ ਬਣਾਈ ਰਖਦੇ ਹਨ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਕਰਮਕਾਂਡੀ ਸ਼ੁੱਧਤਾ ਤੋਂ ਨੈਤਿਕ ਸ਼ੁੱਧਤਾ ਵਲ ਕਿਵੇਂ ਧਿਆਨ ਕੇਂਦਰਿਤ ਕਰਦਾ ਹੈ, ਅਤੇ ਇਸ ਦੀ ਲਿੰਗਕ ਅਸਮਾਨਤਾ ਅਤੇ ਸਮਾਜਿਕ ਭੇਦਭਾਵ ਨੂੰ ਸੰਬੋਧਨ ਕਰਨ ਪ੍ਰਤੀ ਕੀ ਪਹੁੰਚ ਹੋ ਸਕਦੀ ਹੈ?

## ੩. ਗਿਆਨਰੂਪੀ ਤਤਸਾਰ ਨੂੰ ਧਾਰਨ ਕਰਨ ਤੋਂ ਬਿਨ੍ਹਾਂ ਗੁਰੂ ਨਾਨਕ ਆਪਣਾ ਧਾਰਮਿਕ ਗ੍ਰੰਥਾਂ ਦੇ ਅਧਿਐਨ ਬਾਰੇ ਕੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ?

ਜਦ ਵਿਦਵਾਨਾਂ ਨੇ ਪੁੱਛਿਆ ਕਿ, ਕੀ ਧਾਰਮਿਕ ਗ੍ਰੰਥਾਂ ਦਾ ਗੂੜ੍ਹ ਅਧਿਐਨ ਰੂਹਾਨੀ ਵਿਗਾਸ ਵਲ ਲੈ ਜਾ ਸਕਦਾ ਹੈ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਭਾਵੇਂ ਕੋਈ ਵਿਅਕਤੀ ਸਾਲ ਦਰ ਸਾਲ,

ਮਹੀਨਾ ਦਰ ਮਹੀਨਾ, ਜੀਵਨ ਭਰ, ਹਰ ਇਕ ਸਾਹ ਨਾਲ ਗ੍ਰੰਥਾਂ ਦਾ ਅਧਿਐਨ ਕਰਨ ਦੇ ਯੋਗ ਹੋਵੇ। ਪਰ ਸਚਿਆਰਾਤਾ ਰੂਪੀ ਕਰਮ ਹੀ ਸਰਵੋਤਮ ਹਨ; ਬਾਕੀ ਸਭ ਹਉਮੈਂ ਕੇਂਦਰਿਤ ਗੱਲਾਂ ਹਨ। ਇਹ ਐਪੀਸੋਡ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਜਦ ਤਕ ਇਕੱਤਰ ਕੀਤਾ ਗਿਆਨ ਵਿਅਕਤੀ ਅਤੇ ਹੋਰਾਂ ਦੇ ਰੂਹਾਨੀ ਵਿਗਾਸ ਵਿਚ ਯੋਗਦਾਨ ਨਹੀਂ ਪਾਉਂਦਾ, ਤਾਂ ਇਹ ਕੇਵਲ ਹੰਕਾਰ ਅਤੇ ਛਲ ਰੂਪੀ ਸ਼ਬਦਾਂ ਦਾ ਜਾਲ ਹੀ ਹੈ। ਬਾਅਦ ਵਿਚ, ਜਦ ਪੁੱਛਿਆ ਗਿਆ ਕਿ ਧਾਰਮਿਕ ਗ੍ਰੰਥਾਂ ਦਾ ਗਿਆਨ ਵਧੇਰੇ ਮਹੱਤਵਪੂਰਨ ਹੈ ਜਾਂ ਕਰਮਾਂ ਪਿਛਲੀ ਮਨਸ਼ਾ, ਤਾਂ ਗੁਰੂ ਨਾਨਕ ਉੱਤਰ ਦਿੰਦੇ ਹਨ ਕਿ ਗ੍ਰੰਥ ਇਕ ਸੌਦਾਗਰ ਦੀ ਤਰ੍ਹਾਂ ਹੁੰਦੇ ਹਨ। ਰੂਹਾਨੀ ਗਿਆਨ ਹੀ ਉਹ ਅਸਲ ਪੂੰਜੀ ਹੈ, ਜੋ ਨੇਕ ਕਰਮਾਂ ਰਾਹੀਂ ਇੱਕਤਰ ਕੀਤੀ ਜਾਂਦੀ ਹੈ। ਇਸ ਪੂੰਜੀ ਤੋਂ ਇਲਾਵਾ, ਕੋਈ ਹੋਰ ਯਤਨ ਸਾਰਥਕ ਲਾਭ ਨਹੀਂ ਦੇ ਸਕਦਾ। ਇਹ ਦਾਰਸ਼ਨਿਕ ਆਲੋਚਨਾ ਰਵਾਇਤੀ ਤੌਰ 'ਤੇ ਧਾਰਮਿਕ ਗ੍ਰੰਥਾਂ ਦੇ ਅਧਿਐਨ ਦੀ ਪ੍ਰਚਲਿਤ ਰਵਾਇਤ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਗੁਰੂ ਨਾਨਕ ਪਵਿੱਤਰ ਗਿਆਨ ਨਾਲ ਹੋਰ ਕਿਸ ਤਰ੍ਹਾਂ ਦਾ ਰਿਸ਼ਤਾ ਜੋੜਨ ਦਾ ਵਿਕਲਪ ਦਿੰਦੇ ਹਨ?

**੪. ਗੁਰੂ ਨਾਨਕ ਮੌਤ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਰਾਹੀਂ ਬਨਾਰਸ ਵਿਖੇ ਮੌਤ ਰਾਹੀਂ ਮੁਕਤੀ ਪ੍ਰਾਪਤੀ ਦੀ ਪਰੰਪਰਾਗਤ ਧਾਰਣਾ ਨੂੰ ਕਿਵੇਂ ਚੁਣੌਤੀ ਦਿੰਦੇ ਹਨ?**

ਇਹ ਐਪੀਸੋਡ ਇਕ ਪ੍ਰਾਚੀਨ ਪਰੰਪਰਾ ਦੀ ਚਰਚਾ ਕਰਦਾ ਹੈ, ਜਿਸ ਵਿਚ ਬਹੁਤ ਸਾਰੇ ਬਜ਼ੁਰਗ ਜੀਵਨ ਦੇ ਆਖਰੀ ਸਮੇਂ 'ਚ ਬਨਾਰਸ ਆ ਜਾਂਦੇ ਹਨ, ਉਹ ਇਸ ਵਿਸ਼ਵਾਸ ਦੇ ਧਾਰਨੀ ਹੁੰਦੇ ਹਨ ਕਿ ਇਸ ਸ਼ਹਿਰ 'ਚ ਮੌਤ ਹੋਣ ਨਾਲ ਜਨਮ ਤੇ ਮੌਤ ਦੇ ਚੱਕਰ ਤੋਂ ਛੁਟਕਾਰਾ ਮਿਲ ਜਾਂਦਾ ਹੈ। ਇਸ ਭਾਗ ਵਿਚ ਇਸ ਪ੍ਰਸ਼ਨ ਦੇ ਉੱਤਰ 'ਚ ਕਿ ਕੀ ਵਾਰਾਣਸੀ 'ਚ ਮੌਤ ਮੋਖ ਪ੍ਰਾਪਤੀ ਦਾ ਰਾਹ ਹੋ ਸਕਦੀ ਹੈ, ਗੁਰੂ ਨਾਨਕ ਦੇ ਇਕ ਸ਼ਬਦ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਉਹ ਦੱਸਦੇ ਹਨ ਕਿ ਜੋ ਬਿਬੇਕ ਨੂੰ ਕਲਾਵੇ ਵਿਚ ਲੈਂਦੇ ਹਨ ਉਹ ਕਦੇ ਨਹੀਂ ਮਰਦੇ। ਇਹ ਸਬਦ ਇਹ ਸਮਝਾਉਂਦਾ ਹੈ ਕਿ ਗੁਰੂ ਨਾਨਕ ਲਈ ਸਰੀਰ ਦੀ ਮੌਤ ਨਹੀਂ, ਸਗੋਂ ਚੇਤਨਾ ਦੀ ਮੌਤ ਵਧੇਰੇ ਭਿਆਨਕ ਹੈ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਮੌਤ ਅਤੇ ਮੋਖ ਦੀ ਸਮਝ ਨੂੰ ਭੌਤਿਕਤਾਵਾਦ ਤੋਂ ਰੂਹਾਨੀ ਪਰਿਪੇਖ 'ਚ ਕਿਵੇਂ ਬਦਲਦਾ ਹੈ, ਅਤੇ ਇਹ ਇਸ ਤੱਥ 'ਬਾਰੇ ਕੀ ਨਜ਼ਰੀਆ ਪੇਸ਼ ਕਰਦਾ ਹੈ ਕਿ ਕਿਸੇ ਲਈ ਕਿਥੇ ਮਰਨ ਨਾਲੋਂ, ਜੀਵਨ ਕਿਸ ਤਰ੍ਹਾਂ ਜੀਵਿਆ ਜਾਵੇ ਵਧੇਰੇ ਮਹੱਤਵਪੂਰਨ ਹੈ?

**੫. ਗੁਰੂ ਨਾਨਕ ਅਤੇ ਭਗਤ ਰਵਿਦਾਸ ਆਪਣੇ ਦਾਰਸ਼ਨਿਕ ਸੁਨੇਹਿਆਂ ਰਾਹੀਂ ਜਾਤੀ-ਅਧਾਰਤ ਭੇਦਭਾਵ ਨੂੰ ਕਿਵੇਂ ਚੁਣੌਤੀ ਦਿੰਦੇ ਹਨ?**

ਇਹ ਐਪੀਸੋਡ ਭਗਤ ਰਵਿਦਾਸ ਦੇ ਉਸ ਸਬਦ ਨੂੰ ਪੇਸ਼ ਕਰਦਾ ਹੈ ਜੋ ਸਿੱਧੇ ਤੌਰ 'ਤੇ ਜਾਤੀ-ਅਧਾਰਤ ਭੇਦਭਾਵ ਨੂੰ ਚੁਣੌਤੀ ਦਿੰਦਾ ਹੈ ਅਤੇ ਮਨ ਨੂੰ ਚਿੰਤਨ ਅਭਿਆਸ ਕਰਣ ਦੀ ਹਿਦਾਇਤ ਦਿੰਦਾ ਹੈ ਤਾਂ ਜੋ ਉਹ ਅਚੇਤਨ ਤੋਂ ਚੇਤਨ ਅਵਸਥਾ ਵਿਚ ਆ ਸਕੇ। ਉਹ ਅੱਗੇ ਪੁੱਛਦੇ ਹਨ ਕਿ ਜੇਕਰ ਨਕਾਰਾਤਮਕ ਮਾਨਸਿਕਤਾ ਵਾਲੇ ਲੋਕ ਮੁਕਤੀ ਪ੍ਰਾਪਤ ਕਰ ਸਕਦੇ ਹਨ, ਤਾਂ ਫਿਰ ਤਹਾਨੂੰ ਮੁਕਤੀ ਕਿਉਂ ਨਹੀਂ ਮਿਲ ਸਕਦੀ? ਇਸ ਭਾਗ ਵਿਚ ਇਹ ਵੀ ਉਲੇਖ ਕੀਤਾ ਗਿਆ ਹੈ ਕਿ ਭਗਤ ਰਵਿਦਾਸ ਦੇ ਵਿਚਾਰ ਇੰਨੇ ਪ੍ਰੇਰਣਾਦਾਇਕ ਸਨ ਕਿ ਉੱਚ ਵਰਗ ਅਤੇ ਰਾਜ ਪਰਿਵਾਰਾਂ ਦੇ ਕਈ ਲੋਕਾਂ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਪੈਰੋਕਾਰ ਬਣਾ ਲਿਆ। ਇਸੇ ਤਰ੍ਹਾਂ, ਗੁਰੂ ਨਾਨਕ ਨੇ ਨਿਡਰ ਹੋ ਕੇ ਉਹਨਾਂ ਧਾਰਮਿਕ ਪਰੰਪਰਾਵਾਂ ਦੀ ਆਲੋਚਨਾ ਕੀਤੀ ਜੋ ਭੇਦਭਾਵ ਅਤੇ ਦੂਜਿਆਂ ਨੂੰ ਨੀਵਾਂ ਦਿਖਾਉਂਦੀਆਂ ਸਨ। ਉਨ੍ਹਾਂ ਨੇ ਲਿੰਗ ਅਸਮਾਨਤਾ ਵਿਰੁੱਧ ਵੀ ਅਵਾਜ਼ ਬੁਲੰਦ ਕੀਤੀ। ਇਹ ਦਾਰਸ਼ਨਿਕ ਵਿਆਖਿਆਵਾਂ ਜਨਮ-ਅਧਾਰਿਤ ਸਮਾਜਿਕ ਵਰਗਬੰਦੀ ਨੂੰ ਚੁਣੌਤੀ ਦੇਣ ਲਈ ਕਿਵੇਂ ਇਕ ਆਧਾਰ ਪ੍ਰਦਾਨ ਕਰਦੀਆਂ ਹਨ, ਅਤੇ ਇਹ ਮਾਨਵੀ ਮੁਲਾਂ ਅਤੇ ਰੂਹਾਨੀ ਸਮਰੱਥਾ ਪ੍ਰਥਾਇ ਕਿਹੜਾ ਵਿਕਲਪ ਪੇਸ਼ ਕਰਦੀਆਂ ਹਨ?

### ੬. ਗੁਰੂ ਨਾਨਕ, ਭਗਤ ਰਵਿਦਾਸ ਅਤੇ ਭਗਤ ਰਾਮਾਨੰਦ ਦੇ ਵਿਚਕਾਰ ਕਿਹੜੀਆਂ-ਕਿਹੜੀਆਂ ਦਾਰਸ਼ਨਿਕ ਸਮਾਨਤਾਵਾਂ ਮੌਜੂਦ ਹਨ?

ਇਸ ਐਪੀਸੋਡ ਵਿਚ ਕਈ ਸਾਂਝੇ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਦਾ ਵਰਣਨ ਕੀਤਾ ਗਿਆ ਹੈ। ਭਗਤ ਰਾਮਾਨੰਦ, ਭਗਤ ਰਵਿਦਾਸ ਅਤੇ ਗੁਰੂ ਨਾਨਕ ਦੇ ਸਿਧਾਂਤ ਇਕ ਈਸ਼ਵਰਵਾਦੀ ਧਾਰਣਾ ਦੀ ਨੀਂਹ ਰੱਖਦੇ ਹਨ, ਜੋ ਏਕਤਾ ਉੱਤੇ ਜ਼ੋਰ ਦਿੰਦੀ ਹੈ। ਭਗਤ ਰਾਮਾਨੰਦ ਨੇ ਤਪ ਅਤੇ ਕਰਮਕਾਂਡੀ ਰਸਮ-ਰਿਵਾਜਾਂ ਨੂੰ ਅਰਥਹੀਨ ਮੰਨਦੇ ਹੋਏ ਠੁਕਰਾ ਦਿੱਤਾ। ਭਗਤ ਰਵਿਦਾਸ ਨੇ ਸਰਬ-ਵਿਆਪਕ ਸਿਰਜਣਹਾਰ ਅਤੇ ਸ੍ਰਿਸ਼ਟੀ ਵਿਚਕਾਰ ਹਰ ਤਰ੍ਹਾਂ ਦੇ ਭੇਦਭਾਵ ਨੂੰ ਨਕਾਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਸਮੁਚੀ ਮਨੁੱਖ ਜਾਤੀ ਨੂੰ ਇਕ ਮੰਨਣ ਦੀ ਦ੍ਰਿਸ਼ਟੀ ਮਿਲੀ। ਦੂਜੇ ਪਾਸੇ, ਗੁਰੂ ਨਾਨਕ ਨੇ ਅਨਿਆ ਦੀ ਨਿਡਰ ਹੋ ਕੇ ਆਲੋਚਨਾ ਕੀਤੀ ਅਤੇ ਹਰ ਕਿਸੇ ਨੂੰ ਇਸ ਦੇ ਵਿਰੁੱਧ ਖੜ੍ਹਾ ਹੋਣ ਲਈ ਪ੍ਰੇਰਿਤ ਕੀਤਾ, ਕਿਉਂਕਿ ਉਹ ਹਰ ਵਿਅਕਤੀ ਨੂੰ ਉਸ ਇਕ ਦੈਵੀ ਸਤਾ ਦਾ ਹੀ ਪ੍ਰਗਟਾ ਐਲਾਨਦੇ ਸਨ। ਇਹ ਦਾਰਸ਼ਨਿਕ ਸਮਾਨਤਾਵਾਂ ਕਿਸ ਤਰੀਕੇ ਨਾਲ ਮੱਧਕਾਲੀ ਭਾਰਤ 'ਚ ਵਿਅਪਕ ਰੂਹਾਨੀ ਪ੍ਰਵਾਹ ਨੂੰ ਦਰਸਾਉਂਦੀਆਂ ਹਨ, ਅਤੇ ਗੁਰੂ ਨਾਨਕ ਨੂੰ ਇਨ੍ਹਾਂ ਵੱਖ-ਵੱਖ ਵਿਚਾਰਧਾਰਾਵਾਂ ਨੂੰ ਸਿੱਖ ਪਰੰਪਰਾ ਵਿੱਚ ਸ਼ਾਮਲ ਕਰਨ ਲਈ ਕਿਹੜੀ ਤਾਕਤ ਨੇ ਪ੍ਰੇਰਿਤ ਕੀਤਾ ਹੋ ਸਕਦਾ ਹੈ?

੭. **ਗੁਰੂ ਨਾਨਕ ਮੱਛੀ ਅਤੇ ਨਦੀ ਦੇ ਰੂਪਕ ਰਾਹੀਂ ਦੈਵੀ ਸਤਾ ਨਾਲ ਆਪਣੇ ਸੰਬੰਧ ਨੂੰ ਕਿਵੇਂ ਪ੍ਰਗਟ ਕਰਦੇ ਹਨ?**

ਇਸ ਐਪੀਸੋਡ ਦਾ ਅੰਤ ਗੁਰੂ ਨਾਨਕ ਦੇ ਇਕ ਸ਼ਬਦ ਨਾਲ ਹੁੰਦਾ ਹੈ, ਜਿਸ ਵਿਚ ਉਹ ਸਰਬ-ਵਿਆਪਕ ਸ਼ਕਤੀ ਨਾਲ ਗੱਲਬਾਤ ਕਰਦੇ ਹੋਏ ਇਸ ਨੂੰ ਨਦੀ ਦੇ ਰੂਪ 'ਚ ਵਰਣਨ ਕਰਦੇ ਹਨ, ਜੋ ਸਰਵ-ਗਿਆਤਾ ਅਤੇ ਸਰਵ-ਦਰਸ਼ੀ ਹੈ, ਅਤੇ ਆਪਣੇ ਆਪ ਨੂੰ ਮੱਛੀ ਦੇ ਰੂਪ 'ਚ ਪੇਸ਼ ਕਰਦੇ ਹਨ, ਜੋ ਇਸ ਸਰਬ-ਵਿਆਪਕ ਸਤਾ ਦੀ ਸੀਮਾਵਾਂ ਨੂੰ ਸਮਝਣ ਵਿਚ ਅਸਮਰਥ ਹੈ। ਉਹ ਕਹਿੰਦੇ ਹਨ ਕਿ ਜਿਸ ਵੀ ਦਿਸ਼ਾ ਵਿਚ ਉਹ ਵੇਖਦੇ ਹਨ, ਉਨ੍ਹਾਂ ਨੂੰ ਉਸ ਦੀ ਮੌਜੂਦਗੀ ਮਹਿਸੂਸ ਹੁੰਦੀ ਹੈ। ਜੇਕਰ ਉਹ ਇਸ ਏਕਤਾ ਤੋਂ ਵੱਖ ਹੁੰਦੇ ਹਨ, ਤਾਂ ਉਹ ਨਿਸ਼ਚਤ ਤੌਰ 'ਤੇ ਟੁਟ ਕੇ ਨਸ਼ਟ ਹੋ ਜਾਣਗੇ। ਇਹ ਬਿਰਹਾ ਉਦੋਂ ਪਰਗਟ ਹੁੰਦਾ ਹੈ, ਜਦੋਂ ਬ੍ਰਿਤਾਂਤਕਾਰ ਬਨਾਰਸ ਵਿਚ ਵੱਖ-ਵੱਖ ਪਿਛੋਕੜ ਵਾਲੇ ਲੋਕਾਂ ਨਾਲ ਗੱਲਬਾਤ ਕਰਨ ਦੇ ਅਨੁਭਵ ਨੂੰ ਸਾਂਝਾ ਕਰਦਾ ਹੈ, ਅਤੇ ਇਸ ਵਾਰਤਾਲਾਪ ਦੀ ਉਸ ਮੱਛੀ ਨਾਲ ਤੁਲਨਾ ਕਰਦਾ ਹੈ ਜੋ ਉਸ ਵਿਸ਼ਾਲਤਾ ਨੂੰ ਸਮਝਣ ਦਾ ਯਤਨ ਕਰ ਰਹੀ ਹੋਵੇ ਜੋ ਨਦੀ ਤੋਂ ਪਾਰ ਤਕ ਫੈਲੀ ਹੋਵੇ। ਇਹ ਰੂਪਕ ਗੁਰੂ ਨਾਨਕ ਦੀ ਦੈਵੀ ਸਤਾ ਅਤੇ ਮਨੁੱਖ ਦੇ ਆਪਸੀ ਸੰਬੰਧ ਦੀ ਧਾਰਨਾ ਨੂੰ ਕਿਵੇਂ ਸਪਸ਼ਟ ਕਰਦਾ ਹੈ, ਅਤੇ ਇਹ ਮਨੁੱਖ ਦੁਆਰਾ ਈਸ਼ਵਰ ਨੂੰ ਸਮਝਣ ਦੀਆਂ ਸੀਮਾਵਾਂ ਬਾਰੇ ਕੀ ਸੰਕੇਤ ਦਿੰਦਾ ਹੈ, ਜਦਕਿ ਇਸ ਦੇ ਨਾਲ ਹੀ ਕਣ-ਕਣ ਵਿਚ ਦੈਵੀ ਸਤਾ ਦੇ ਵਾਸੇ ਉਪਰ ਵੀ ਜ਼ੋਰ ਦਿੰਦਾ ਹੈ?